वरिष्ठ अध्यापक प्रतियोगी परीक्षा - 2024 (माध्य. शिक्षा विभाग)

**इस प्रश्न पुस्तिका को तब तक न खोलें जब तक कहा न जाए।/Do not open this Question Booklet until you are asked to do so.**

पुस्तिका में पृष्ठों की संख्या : **24**
No. of Pages in Booklet : **24**
पुस्तिका में प्रश्नों की संख्या : **150**
No. of Questions in Booklet : **150**
Paper Code : **08**
**Subject : Punjabi**

# SST-25

**Paper-II**

परीक्षा तिथि – 12/09/2025

प्रश्न पुस्तिका संख्या व बारकोड / Question Booklet No. & Barcode

8003213

समय : **02:30 घण्टे + 10 मिनिट अतिरिक्त***
Time : **02:30 Hours + 10 Minutes Extra***

अधिकतम अंक : **300**
Maximum Marks: **300**

प्रश्न पुस्तिका के पेपर की सील/पॉलिथिन बैग को खोलने पर प्रश्न पत्र हल करने से पूर्व परीक्षार्थी यह सुनिश्चित कर लें कि :-

- प्रश्न पुस्तिका संख्या तथा ओ.एम.आर. उत्तर-पत्रक पर अंकित बारकोड संख्या समान है।
- प्रश्न पुस्तिका एवं ओ.एम.आर. उत्तर-पत्रक के सभी पृष्ठ व सभी प्रश्न सही मुद्रित हैं। समस्त प्रश्न जैसा कि ऊपर वर्णित है, उपलब्ध हैं तथा कोई भी पृष्ठ कम नहीं है/मुद्रण त्रुटि नहीं है।

किसी भी प्रकार की विसंगति या दोषपूर्ण होने पर परीक्षार्थी वीक्षक से दूसरी प्रश्न पुस्तिका प्राप्त कर लें। यह सुनिश्चित करने की जिम्मेदारी अभ्यर्थी की होगी। परीक्षा प्रारम्भ होने के **5** मिनट पश्चात् ऐसे किसी दावे/आपत्ति पर कोई विचार नहीं किया जायेगा।

On opening the paper seal/polythene bag of the Question Booklet before attempting the question paper the candidate should ensure that:-

- Question Booklet Number and Barcode Number of OMR Answer Sheet are same.
- All pages & Questions of Question Booklet and OMR Answer Sheet are properly printed. All questions as mentioned above are available and no page is missing/misprinted.

If there is any discrepancy/defect, candidate must obtain another Question Booklet from Invigilator. Candidate himself shall be responsible for ensuring this. No claim/objection in this regard will be entertained after **five** minutes of start of examination.

## परीक्षार्थियों के लिए निर्देश

1. **प्रत्येक प्रश्न के लिये एक विकल्प भरना अनिवार्य है।**
2. सभी प्रश्नों के अंक समान हैं।
3. प्रत्येक प्रश्न का मात्र एक ही उत्तर दीजिये। एक से अधिक उत्तर देने की दशा में प्रश्न के उत्तर को गलत माना जाएगा।
4. **OMR** उत्तर-पत्रक इस प्रश्न पुस्तिका के अन्दर रखा है। जब आपको प्रश्न पुस्तिका खोलने को कहा जाए, तो उत्तर-पत्रक निकाल कर ध्यान से केवल **नीले बॉल प्वाइंट पेन** से विवरण भरें।
5. कृपया अपना रोल नम्बर ओ.एम.आर. उत्तर-पत्रक पर सावधानीपूर्वक सही भरें। गलत रोल नम्बर भरने पर परीक्षार्थी स्वयं उत्तरदायी होगा।
6. **ओ.एम.आर. उत्तर-पत्रक में करेक्शन पेन/व्हाईटनर/सफेदा का उपयोग निषिद्ध है।**
7. **प्रत्येक गलत उत्तर के लिए प्रश्न अंक का 1/3 भाग काटा जायेगा।** गलत उत्तर से तात्पर्य अशुद्ध उत्तर अथवा किसी भी प्रश्न के एक से अधिक उत्तर से है।
8. **प्रत्येक प्रश्न के पांच विकल्प दिये गये हैं, जिन्हें क्रमशः 1, 2, 3, 4, 5 अंकित किया गया है। अभ्यर्थी को सही उत्तर निर्दिष्ट करते हुए उनमें से केवल एक गोले (बबल) को उत्तर-पत्रक पर नीले बॉल प्वाइंट पेन से गहरा करना है।**
9. **यदि आप प्रश्न का उत्तर नहीं देना चाहते हैं, तो उत्तर-पत्रक में पांचवें (5) विकल्प को गहरा करें। यदि पांच में से कोई भी गोला गहरा नहीं किया जाता है, तो ऐसे प्रश्न के लिये प्रश्न अंक का 1/3 भाग काटा जायेगा।**
10. ***प्रश्न पत्र हल करने के उपरांत अभ्यर्थी अनिवार्य रूप से ओ.एम.आर. आंसर शीट जांच लें कि समस्त प्रश्नों के लिये एक विकल्प (गोला) भर दिया गया है। इसके लिये ही निर्धारित समय से 10 मिनट का अतिरिक्त समय दिया गया है।**
11. **यदि अभ्यर्थी 10% से अधिक प्रश्नों में पांच विकल्पों में से कोई भी विकल्प अंकित नहीं करता है, तो उसको अयोग्य माना जायेगा।**
12. **मोबाइल फोन अथवा इलेक्ट्रॉनिक यंत्र का परीक्षा हॉल में प्रयोग पूर्णतया वर्जित है। यदि किसी अभ्यर्थी के पास ऐसी कोई वर्जित सामग्री मिलती है, तो उसके विरुद्ध आयोग द्वारा नियमानुसार कार्यवाही की जायेगी।**

**चेतावनी :** अगर कोई अभ्यर्थी नकल करते पकड़ा जाता है या उसके पास से कोई अनधिकृत सामग्री पाई जाती है, तो उस अभ्यर्थी के विरुद्ध पुलिस में प्राथमिकी दर्ज कराते हुए और **राजस्थान सार्वजनिक परीक्षा (भर्ती में अनुचित साधनों की रोकथाम अध्युपाय) अधिनियम, 2022 तथा अन्य प्रभावी कानून एवं आयोग के नियमों-प्रावधानों** के तहत कार्यवाही की जाएगी। साथ ही आयोग ऐसे अभ्यर्थी को भविष्य में होने वाली आयोग की समस्त परीक्षाओं से विवर्जित कर सकता है।

## INSTRUCTIONS FOR CANDIDATES

1. **It is mandatory to fill one option for each question.**
2. All questions carry equal marks.
3. Only one answer is to be given for each question. If more than one answers are marked, it would be treated as wrong answer.
4. The **OMR** Answer Sheet is inside this Question Booklet. When you are directed to open the Question Booklet, take out the Answer Sheet and fill in the particulars carefully with **BLUE BALL POINT PEN** only.
5. Please correctly fill your Roll Number in OMR Answer Sheet. Candidate will himself/herself be responsible for filling wrong Roll Number.
6. **Use of Correction Pen/Whitener in the OMR Answer Sheet is strictly forbidden.**
7. **1/3 part of the mark(s) of each question will be deducted for each wrong answer.** A wrong answer means an incorrect answer or more than one answers for any question.
8. **Each question has five options marked as 1, 2, 3, 4, 5. You have to darken only one circle (bubble) indicating the correct answer on the Answer Sheet using BLUE BALL POINT PEN.**
9. **If you are not attempting a question, then you have to darken the circle '5'. If none of the five circles is darkened, one third (1/3) part of the marks of question shall be deducted.**
10. ***After solving the question paper, candidate must ascertain that he/she has darkened one of the circles (bubbles) for each of the questions. Extra time of 10 minutes beyond scheduled time is provided for this.**
11. **A candidate who has not darkened any of the five circles in more than 10% questions shall be disqualified.**
12. **Mobile Phone or any other electronic gadget in the examination hall is strictly prohibited. A candidate found with any of such objectionable material with him/her will be strictly dealt by the Commission as per rules.**

**Warning :** If a candidate is found copying or if any unauthorized material is found in his/her possession, F.I.R. would be lodged against him/her in the Police Station and he/she would liable to be prosecuted under **Rajasthan Public Examination (Measures for Prevention of Unfair Means in Recruitment) Act, 2022, other laws applicable and Commission's Regulations.** Commission may also debar him/her permanently from all future examinations.

उत्तर-पत्रक में दो प्रतियां हैं – मूल प्रति और कार्बन प्रति। परीक्षा समाप्ति पर परीक्षा कक्ष छोड़ने से पूर्व परीक्षार्थी उत्तर-पत्रक की दोनों प्रतियां वीक्षक को सौंपेंगे, परीक्षार्थी स्वयं कार्बन प्रति अलग नहीं करें। वीक्षक उत्तर-पत्रक की मूल प्रति को अपने पास जमा कर, कार्बन प्रति को मूल प्रति से कट लाईन से मोड़कर सावधानीपूर्वक अलग कर परीक्षार्थी को सौंपेंगे, **जिसे परीक्षार्थी अपने साथ ले जायेंगे। परीक्षार्थी को उत्तर-पत्रक की कार्बन प्रति चयन प्रक्रिया पूर्ण होने तक सुरक्षित रखनी होगी एवं आयोग द्वारा मांगे जाने पर प्रस्तुत करनी होगी।**

1. ਗੁਰੂ ਤੇਗ ਬਹਾਦਰ ਜੀ ਦੀ ਗੁਰੂ ਗ੍ਰੰਥ ਸਾਹਿਬ ਵਿਚ 15 ਰਾਗਾਂ ਵਿਚ ਬਾਣੀ ਦਰਜ ਹੈ। ਇਹਨਾਂ ਰਾਗਾਂ ਦਾ ਕਿਹੜਾ ਜੁੱਟ ਸਹੀ ਨਹੀਂ ਹੈ–

(1) ਗਉੜੀ, ਆਸਾ, ਦੇਵ ਗੰਧਾਰੀ
(2) ਬਿਹਾਗੜਾ, ਸੋਰਠਿ, ਧਨਾਸਰੀ
(3) ਜੈਤਸਰੀ, ਟੋਡੀ, ਸਿਰੀ
(4) ਤਿਲੰਗ, ਬਿਲਾਵਲ, ਰਾਮਕਲੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

2. ਕਿਸ ਵਿਦਵਾਨ ਨੇ ਬੁੱਲ੍ਹੇ ਸ਼ਾਹ ਨੂੰ 'ਪੰਜਾਬੀ ਦਾ ਬੇਬਾਕ ਸ਼ਾਇਰ ਤੇ ਹਕੀਕਤਾਂ ਦਾ ਤਰਜਮਾਨ' ਆਖਿਆ ਹੈ–

(1) ਰਾਣਾ ਅਸਲਮ
(2) ਮੌਲਾ ਬਖ਼ਸ਼ ਕੁਸ਼ਤਾ
(3) ਪਿਆਰਾ ਸਿੰਘ ਪਦਮ
(4) ਸੁਰਿੰਦਰ ਸਿੰਘ ਕੋਹਲੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

3. ਕਹਾਣੀ ਸੱਤ ਸਮੁੰਦਰਾਂ ਦੀ, ਕਹਾਣੀ ਸੱਤ ਪਰੀਆਂ ਦੀ।
ਕਹਾਣੀ ਮਾੜੀਆਂ ਘੜੀਆਂ ਦੀ, ਕਹਾਣੀ ਜੰਗਾਂ ਲੜੀਆਂ ਦੀ।
– ਉਪਰੋਕਤ ਕਾਵਿ-ਟੋਟੇ ਵਿਚ 'ਮਾੜੀ ਘੜੀ' ਤੋਂ ਕੀ ਭਾਵ ਹੈ?

(1) ਖਰਾਬ ਘੜੀ
(2) ਬੁਰੀ ਆਦਤ
(3) ਬੁਰਾ ਸਮਾਂ
(4) ਟੁੱਟੀ ਘੜੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

4. ਚੌਪਈ ਛੰਦ ਹੈ–

(1) ਵਰਣਿਕ
(2) ਮਾਤਰਿਕ ਅਤੇ ਵਰਣਿਕ
(3) ਮਾਤਰਿਕ
(4) ਸ਼ਾਬਦਿਕ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

5. 13 + 11 ਮਾਤ੍ਰਾ ਵਿਧਾਨ ਕਿਹੜੇ ਛੰਦ ਦਾ ਹੈ?

(1) ਕਬਿੱਤ ਦਾ
(2) ਦੋਹਿਰੇ ਦਾ
(3) ਕੋਰੜੇ ਦਾ
(4) ਬੈਂਤ ਦਾ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

6. ਗੁਰੂ ਅਰਜਨ ਦੇਵ ਜੀ ਨੇ ਕਿੰਨੀਆਂ ਵਾਰਾਂ ਦੀ ਰਚਨਾ ਕੀਤੀ ਹੈ?

(1) ਅੱਠ
(2) ਤਿੰਨ
(3) ਨੌ
(4) ਛੇ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

7. ਪੰਜਾਬੀ ਸਭਿਆਚਾਰ ਵਿਚ ਸਰੀਰਕ ਅੰਗਾਂ ਦੀ ਤਰਤੀਬ ਦੇ ਅੰਤਰਗਤ ਵਾਲਾਂ ਨੂੰ ਗੁੰਦਣ ਦੇ ਢੰਗ ਨੂੰ ਕਿਹਾ ਜਾਂਦਾ ਹੈ:

(1) ਲੋਟਣ
(2) ਤੁੰਗਲ
(3) ਡਾਕ ਬੰਗਲਾ
(4) ਹਮੇਲ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

8. 'ਮਨੁੱਖ' ਸ਼ਬਦ ਨਾਂਵ ਦੀ ਕਿਸ ਕਿਸਮ ਅਧੀਨ ਰੱਖਿਆ ਜਾਂਦਾ ਹੈ–

(1) ਭਾਵਵਾਚਕ ਨਾਂਵ
(2) ਜਾਤੀਵਾਚਕ ਨਾਂਵ
(3) ਸਮੂਹਵਾਚਕ ਨਾਂਵ
(4) ਪਦਾਰਥਵਾਚਕ ਨਾਂਵ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ



08

9. ਕਿਹੜੀ ਬਾਣੀ ਵਿਚ ਗੁਰੂ ਨਾਨਕ ਸਾਹਿਬ ਨੇ ਆਪਣੇ ਸਿਧਾਂਤ, ਯੋਗ-ਮੱਤ ਦੀ ਤੁਲਨਾ ਵਿਚ ਪੇਸ਼ ਕੀਤੇ ਹਨ?

(1) ਪਟੀ ਵਿਚ
(2) ਸਿਧ ਗੋਸਟਿ ਵਿਚ
(3) ਬਾਬਰ ਬਾਣੀ ਵਿਚ
(4) ਬਾਰਹ ਮਾਹ ਤੁਖਾਰੀ ਵਿਚ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

10. ਡਾ. ਜਗਤਾਰ ਰਚਿਤ ਕਾਵਿ-ਪੁਸਤਕਾਂ ਦਾ ਸਹੀ ਜੁੱਟ ਹੈ:

(1) ਦੁੱਧ ਪੱਥਰੀ, ਤਲਖੀਆਂ ਰੰਗੀਲੀਆਂ, ਪਤਝੜ ਦੀ ਪਾਜ਼ੇਬ।
(2) ਅਧੂਰਾ ਆਦਮੀ, ਲਹੂ ਦੇ ਨਕਸ਼, ਸ਼ੀਸ਼ੇ ਦਾ ਜੰਗਲ।
(3) ਜ਼ੰਜੀਰੀਆਂ ਵਿਚ ਘਿਰਿਆ ਸਮੁੰਦਰ, ਖਲਾਅ ਵਾਸੀ, ਇੰਝ ਨਾ ਮਿਲੀਂ।
(4) ਪੌਣ ਤੜਾਗੀ, ਪਾਰਦਰਸ਼ੀ, ਮੋਰ ਪੰਖ।
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

11. ਪ੍ਰਯੋਗ ਦੇ ਆਧਾਰ 'ਤੇ ਪੰਜਾਬੀ ਸ਼ਬਦ ਸ਼੍ਰੇਣੀਆਂ ਨੂੰ ਕਿੰਨੇ ਭਾਗਾਂ ਵਿਚ ਵੰਡਿਆ ਜਾਂਦਾ ਹੈ-

(1) 8
(2) 7
(3) 6
(4) 9
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

12. 'ਮਾਂ ਪਤਲੀ ਪਤੰਗ ਪੁੱਤ ਲੁਬ ਜਿਹਾ।
ਮਾਂ ਗਈ ਨਹਾਉਣ ਪੁੱਤ ਡੁੱਬ ਗਿਆ।' ਕਿਹੜਾ ਲੋਕ ਸਾਹਿਤ ਰੂਪ ਹੈ:

(1) ਬੁਝਾਰਤ
(2) ਟੱਪਾ
(3) ਲੋਰੀ
(4) ਅਲਾਹੁਣੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

13. ਕਿਸ ਆਲੋਚਕ ਅਨੁਸਾਰ ਸ਼ਾਹ ਹੁਸੈਨ ਦੀਆਂ ਕਾਫ਼ੀਆਂ ਵਿਚ ਬਿਰਹੋਂ ਦਾ ਰੰਗ ਸਭ ਤੋਂ ਵਧੇਰੇ ਹੈ। ਇਸੇ ਕਰਕੇ ਆਪ ਨੂੰ 'ਬਿਰਹਾ ਦਾ ਕਵੀ' ਕਹਿਣਾ ਵਧੇਰੇ ਉਚਿਤ ਹੈ-

(1) ਮੋਹਨ ਸਿੰਘ ਦੀਵਾਨਾ
(2) ਮੌਲਾ ਬਖ਼ਸ਼ ਕੁਸ਼ਤਾ
(3) ਬਾਵਾ ਬੁੱਧ ਸਿੰਘ
(4) ਨਜਮ ਹੁਸੈਨ ਸੱਯਦ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

14. ਸਤਿੰਦਰ ਸਿੰਘ ਅਨੁਸਾਰ ਬਲਰਾਜ ਸਾਹਨੀ ਦੇ ਸਫ਼ਰਨਾਮਿਆਂ ਦੀ ਵਿਸ਼ੇਸ਼ਤਾ ਹੈ-

(1) ਉਸ ਦੇ ਸਫ਼ਰਨਾਮਿਆਂ ਵਿਚ ਦੇਸ਼ ਪਿਆਰ ਦਾ ਜ਼ਜ਼ਬਾ ਅਤੇ ਮਾਨਵਵਾਦੀ ਸੋਚ-ਧਾਰਾ ਦਾ ਪ੍ਰਭਾਵ ਹੈ।
(2) ਉਸ ਦੇ ਸਫ਼ਰਨਾਮਿਆਂ ਵਿੱਚ ਯਾਤਰਾ ਵਰਨਣ ਤੋਂ ਇਲਾਵਾ ਉਸ ਦੇ ਆਪਣੇ ਪ੍ਰਭਾਵ ਅਤੇ ਪ੍ਰਤੀਕਰਮ ਪ੍ਰਮੁੱਖ ਰੂਪ ਧਾਰਦੇ ਹਨ।
(3) ਉਸ ਦੇ ਸਫ਼ਰਨਾਮਿਆਂ ਵਿਚ ਮਾਨਸਿਕ ਛੋਹਾਂ ਅਤੇ ਮਾਨਸਿਕ ਰੌਂਅ ਦੇ ਪ੍ਰਭਾਵ ਅਤੇ ਪਾਸਾਰ ਵੀ ਨਜ਼ਰ ਆਉਂਦੇ ਹਨ।
(4) 1, 2, 3 ਸਾਰੇ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

15. 'ਮੇਰਾ ਪਿੰਡ' ਪੁਸਤਕ ਵਿਚ ਗਿਆਨੀ ਗੁਰਦਿੱਤ ਸਿੰਘ ਨੇ ਕਿਹੜੇ ਇਲਾਕੇ ਦੇ ਪਿੰਡ ਨੂੰ ਕੇਂਦਰ ਵਿਚ ਥਾਪ ਕੇ ਪੰਜਾਬ ਦੇ ਸਭਿਆਚਾਰ ਬਾਰੇ ਵਿਸ਼ਾਲ ਚਿੱਤਰ ਪੇਸ਼ ਕੀਤਾ ਹੈ-

(1) ਮਾਝੇ ਦੇ
(2) ਦੁਆਬੇ ਦੇ
(3) ਮਾਲਵੇ ਦੇ
(4) ਪੁਆਧ ਦੇ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

16. 'ਲੂਣ ਤੇਲ ਲੱਲ੍ਹੇ' ਖੇਡ ਵਿਚ 'ਲੱਲ੍ਹੇ' ਕਿੱਥੇ ਕੱਢੇ ਜਾਂਦੇ ਹਨ?

(1) ਕੰਧਾਂ 'ਤੇ
(2) ਡੌਲਿਆਂ 'ਤੇ
(3) ਕਾਗ਼ਜ਼ਾਂ 'ਤੇ
(4) ਜ਼ਮੀਨ 'ਤੇ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

17. 'ਡਰ-ਭੈਅ' ਸ਼ਬਦ ਅਰਥਾਂ ਦੇ ਸੂਚਕ ਹਨ-

(1) ਬਹੁਅਰਥੀ
(2) ਵਿਰੋਧਅਰਥੀ
(3) ਸਮਾਨਅਰਥੀ
(4) ਪ੍ਰਤੀਕੂਲਅਰਥੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

18. ਭਾਸ਼ਾ:

(1) ਰੱਬੀ ਦੇਣ ਹੈ।
(2) ਮਨੁੱਖੀ ਸਿਰਜਣਾ ਹੈ।
(3) ਉੱਨਤ ਦੇਸ਼ਾਂ ਦੀ ਕਾਢ ਹੈ।
(4) ਇਨ੍ਹਾਂ ਵਿਚੋਂ ਕੋਈ ਉੱਤਰ ਨਹੀਂ ਹੈ।
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

19. ਸਾਰਣੀ 'ਏ' ਦਾ ਸਾਰਣੀ 'ਬੀ' ਨਾਲ ਮਿਲਾਨ ਕਰੋ:

| | ਸਾਰਣੀ 'ਏ' | | ਸਾਰਣੀ 'ਬੀ' |
|---|---|---|---|
| I. | ਮਿਰਜਾ ਸਾਹਿਬ-ਪੀਲੂ | ੳ) | ਦਵੱਈਆ |
| II. | ਹੀਰ-ਵਾਰਿਸ ਸ਼ਾਹ | ਅ) | ਸੱਦ |
| III. | ਪੂਰਨ ਭਗਤ-ਕਾਦਿਰ ਯਾਰ | ੲ) | ਬੈਤ |
| IV. | ਸੱਸੀ-ਹਾਸ਼ਮ | ਸ) | ਸੀਹਰਫੀ |

ਕੋਡ :

(1) I - ਸ, II - ੲ, III - ਅ, IV - ੳ
(2) I - ਅ, II - ੲ, III - ਸ, IV - ੳ
(3) I - ੲ, II - ੳ, III - ਸ, IV - ਅ
(4) I - ੳ, II - ਸ, III - ੲ, IV – ਅ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

20. ਸ਼ਬਦਾਂ ਦੇ ਅਰੰਭ ਵਿਚ ਆਉਣ ਵਾਲੇ 'ਹ' ਦਾ ਉਚਾਰਨ ਹੁੰਦਾ ਹੈ:

(1) ਵਿਅੰਜਨੀ
(2) ਸ੍ਵਰੀ
(3) ਸੁਰੀ
(4) ਸ੍ਵਰੀ ਤੇ ਵਿਅੰਜਨੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

21. ਗਰਭ ਅਵਸਥਾ ਦੌਰਾਨ ਅੱਖ ਸਲਾਈ ਦੀ ਰਸਮ ਨਿਭਾਈ ਜਾਂਦੀ ਹੈ-

(1) ਨੈਣ ਦੁਆਰਾ
(2) ਨਣਦ ਦੁਆਰਾ
(3) ਭਾਬੀ ਦੁਆਰਾ
(4) ਸੱਸ ਦੁਆਰਾ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

22. ਕਿਹੜੇ ਸਫਰਨਾਮਾ ਲੇਖਕ ਨੇ ਰੂਸ ਅਤੇ ਪਾਕਿਸਤਾਨ ਨਾਲ ਸੰਬੰਧਤ ਸਫਰਨਾਮੇ ਲਿਖੇ ਹਨ?

(1) ਲਾਲ ਸਿੰਘ ਕਮਲਾ ਅਕਾਲੀ ਨੇ
(2) ਬਲਰਾਜ ਸਾਹਨੀ ਨੇ
(3) ਮਨਮੋਹਨ ਬਾਵਾ ਨੇ
(4) ਇਨ੍ਹਾਂ ਵਿਚੋਂ ਕੋਈ ਨਹੀਂ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

23. 'ਉਨਨਾ' ਦਾ ਵਿਰੋਧਾਰਥਕ ਸ਼ਬਦ ਹੈ:

(1) ਬੁਣਨਾ
(2) ਪਰੋਣਾ
(3) ਉਧੇੜਨਾ
(4) ਜੋੜਨਾ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

24. "ਉਹ ਸਮਝਦਾ ਹੈ ਕਿ ਉਹ ਸਿਆਣਾ ਹੈ।" ਵਾਕ ਵਿਚ ਉਦੇਸ਼ ਤੇ ਵਿਧੇ ਹਨ:

(1) ਉਹ ਸਮਝਦਾ ਹੈ, ਉਹ ਸਿਆਣਾ ਹੈ।
(2) ਉਹ, ਹੈ
(3) ਸਮਝਦਾ ਹੈ, ਸਿਆਣਾ ਹੈ
(4) ਸਿਆਣਾ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

25. ਰਾਮ ਸਰੂਪ ਅਣਖੀ ਨੇ ਕਿਹੜੇ ਨਾਵਲ ਵਿਚ ਦੇਸ਼ ਵੰਡ ਤੋਂ ਪਹਿਲਾਂ ਦੀ ਅਤੇ ਮਗਰੋਂ ਦੀ ਕਿਸਾਨੀ ਦਸ਼ਾ ਨੂੰ ਬਿਆਨ ਕੀਤਾ ਹੈ?

(1) ਪਰਤਾਪੀ
(2) ਕੋਠੇ ਖੜਕ ਸਿੰਘ
(3) ਅੱਧਾ ਆਦਮੀ
(4) ਪਰਦਾ ਤੇ ਰੋਸ਼ਨੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

26. ਨੀਤੀ ਕਥਾਵਾਂ ਲਈ ਹੋਰ ਸ਼ਬਦ ਵਰਤਿਆ ਜਾਂਦਾ ਹੈ-

(1) ਦੰਤ ਕਥਾਵਾਂ
(2) ਪਰੀ ਕਥਾਵਾਂ
(3) ਲੋਕ ਗਾਥਾਵਾਂ
(4) ਤੰਤਰ ਕਥਾਵਾਂ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

27. ਲੋਕ ਸਾਹਿਤ ਰੂਪ ਵਜੋਂ ਘੋੜੀ ਦਾ ਸੰਬੰਧ ਹੈ:

(1) ਜਾਨਵਰ ਨਾਲ
(2) ਲੜਕੀ ਦੇ ਵਿਆਹ ਨਾਲ
(3) ਕਿੱਸਿਆਂ ਨਾਲ
(4) ਲੜਕੇ ਦੇ ਵਿਆਹ ਨਾਲ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

28. ਗੁਰੂ ਅਰਜਨ ਦੇਵ ਜੀ ਦੀ ਤਿਥੀਵਾਰਕ ਰਚਨਾ ਹੈ:

(1) ਸੋ ਪੁਰਖ
(2) ਬਾਰਹ ਮਾਹ
(3) ਅੰਜੁਲੀ
(4) ਬਿਰਹੜੇ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

29. ਪੀਲੂ ਰਚਿਤ ਕਿੱਸੇ ਮਿਰਜ਼ਾ ਸਾਹਿਬਾਂ ਦੀ ਬੋਲੀ ਹੈ-

(1) ਝਾਂਗੀ
(2) ਮੁਲਤਾਨੀ
(3) ਮਾਝੀ
(4) ਪੋਠੋਹਾਰੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

30. ਸੰਤ ਸਿੰਘ ਸੇਖੋਂ ਦਾ ਕਹਾਣੀ ਸੰਗ੍ਰਹਿ ਹੈ-

(1) ਬੋਝਲ ਪੰਡ
(2) ਸਮਾਚਾਰ
(3) ਸਿਲ-ਵਟੇ
(4) ਅਨੋਖੇ ਤੇ ਇਕੱਲੇ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

31. ਗੁਰਮੁਖੀ ਲਿਪੀ ਦੀ ਖੋਜ ਬਾਰੇ ਵਿਸ਼ੇਸ਼ ਪੁਸਤਕ, ਜਿਸ ਵਿਚ ਇਹ ਤੱਥ ਦਰਸਾਇਆ ਹੈ ਕਿ ਗੁਰਮੁਖੀ ਲਿਪੀ ਨੂੰ ਗੁਰੂ ਸਾਹਿਬਾਨ ਨੇ ਨਹੀਂ ਬਣਾਇਆ:

(1) ਗੁਰਮੁਖੀ ਹਿੰਦੀ ਦਾ ਟਾਕਰਾ - ਕਰਤਾਰ ਸਿੰਘ ਦਾਖਾ
(2) ਗੁਰਮੁਖੀ ਲਿਪੀ ਦਾ ਜਨਮ ਤੇ ਵਿਕਾਸ - ਤਰਲੋਚਨ ਸਿੰਘ
(3) ਗੁਰਮੁਖੀ ਲਿਪੀ - ਹਰਕੀਰਤ ਸਿੰਘ
(4) ਸਾਹਿਤ ਦਰਸ਼ਨ - ਤੇਜਾ ਸਿੰਘ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

32. ਹਵਾ ਵਿਚ ਲਿਖੇ ਹਰਫ਼, ਬਿਰਖ ਅਰਜ ਕਰੇ, ਲਫ਼ਜ਼ਾਂ ਦੀ ਦਰਗਾਹ ਆਦਿ ਦਾ ਲੇਖਕ ਕੌਣ ਹੈ?

(1) ਅੰਮ੍ਰਿਤਾ ਪ੍ਰੀਤਮ
(2) ਡਾ. ਹਰਿਭਜਨ ਸਿੰਘ
(3) ਸੁਰਜੀਤ ਪਾਤਰ
(4) ਸੋਹਣ ਸਿੰਘ ਮੀਸ਼ਾ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

33. ਮੇਲੇ ਜਾਣ ਲਈ ਲੋਕਾਂ ਨੂੰ ਪ੍ਰੇਰਦਾ ਹੈ-

(1) ਗੁਰਦੁਆਰੇ ਦਾ ਭਾਈ
(2) ਲੋਕ ਮਨ ਅਤੇ ਲੋਕਾਚਾਰ
(3) ਪਰਿਵਾਰ
(4) ਮੇਲੇ ਵਿਚਲਾ ਮਨੋਰੰਜਨ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

34. ਕਿਹੜਾ ਲੇਖਕ ਆਪਣੀ ਸਵੈਜੀਵਨੀ ਵਿਚ ਆਪਣੀ ਲੇਖਣੀ ਦੇ ਪਾਤਰਾਂ ਸੰਬੰਧੀ ਜਾਣਕਾਰੀ ਦਿੰਦਾ ਹੈ?

(1) ਨਾਨਕ ਸਿੰਘ
(2) ਅਜੀਤ ਕੌਰ
(3) ਪ੍ਰਿੰ. ਤੇਜਾ ਸਿੰਘ
(4) ਡਾ. ਮਹਿੰਦਰ ਸਿੰਘ ਰੰਧਾਵਾ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

35. ਕਲਪਨਾ ਦਾ ਅੰਸ਼ ਕਿਹੜੀ ਲੋਕ ਕਥਾ ਵਿਚ ਵਧੇਰੇ ਹੁੰਦਾ ਹੈ?

(1) ਪਰੀ ਕਥਾ
(2) ਨੀਤੀ ਕਥਾ
(3) ਦੰਦ ਕਥਾ
(4) ਇਨ੍ਹਾਂ ਵਿਚੋਂ ਕਿਸੇ ਵਿਚ ਨਹੀਂ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

36. ਪ੍ਰਥਮ ਗੁਰਮੁਖੀ ਲਿਪੀ ਦੀ ਰਚਨਾ 'ਏਕਾਦਸ਼ੀ ਮਹਾਤਮ' ਵਿਚ ਕੁੱਲ ਅੱਖਰਾਂ ਦਾ ਪ੍ਰਯੋਗ ਹੋਇਆ ਹੈ-

(1) 36
(2) 35
(3) 29
(4) 41
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

37. ਕਿਹੜਾ ਕਿੱਸਾ ਔਰਤ ਦੇ ਮਮਤਾਮਈ ਅਤੇ ਵਿਭਚਾਰੀ, ਦੋਵਾਂ ਰੂਪਾਂ ਦੀ ਪੇਸ਼ਕਾਰੀ ਕਰਦਾ ਹੈ?

(1) ਹੀਰ-ਵਾਰਿਸ ਸ਼ਾਹ
(2) ਪੂਰਨ ਭਗਤ-ਕਾਦਰ ਯਾਰ
(3) ਸੋਹਣੀ-ਫਜ਼ਲ ਸ਼ਾਹ
(4) ਸੱਸੀ-ਹਾਸ਼ਮ ਸ਼ਾਹ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

38. ਸੰਤ ਸਿੰਘ ਸੇਖੋਂ ਨੇ ਕਿਹੜੇ ਨਾਟਕ ਲੈਨਿਨ ਉੱਤੇ ਲਿਖਿਆ ਹੈ?

(1) ਵਾਰਸ
(2) ਮਿਤਰ ਪਿਆਰਾ
(3) ਬਾਬਾ ਬੋਹੜ
(4) ਮੋਇਆ ਸਾਰ ਨਾ ਕਾਈ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

39. ਦਮੋਦਰ ਰਚਿਤ ਕਿੱਸੇ ਹੀਰ ਦਾ ਮੰਗਲਾਚਰਨ ਹੈ-

(1) ਅੱਵਲ ਹਮਦ ਖੁਦਾਇ ਦਾ ਵਿਰਦ ਕੀਜੈ
(2) ਅੱਵਲ ਨਾਮ ਸਾਹਿਬ ਦਾ ਲਈਏ
(3) ਮਾਂ ਈਸਰੀ ਦੇਹ ਕਵੀਸ਼ਰੀ
(4) ਅਵੱਲ ਹਮਦ ਨਿਗਾਹ ਜਨਾਬ ਦੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

40. ਵਰਿਆਮ ਸੰਧੂ ਦੇ ਕਿਹੜੇ ਕਹਾਣੀ ਸੰਗ੍ਰਹਿ ਨੂੰ ਭਾਰਤੀ ਸਾਹਿਤ ਅਕਾਦਮੀ ਸਨਮਾਨ ਪ੍ਰਾਪਤ ਹੋਇਆ ਹੈ?

(1) ਭੱਜੀਆਂ ਬਾਹੀ
(2) ਚੌਥੀ ਕੂਟ
(3) ਅੰਗ ਸੰਗ
(4) ਤਿਲਫੁਲ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

41. ਕਿਹੜਾ ਕਾਰਨ ਭਾਸ਼ਾਈ ਭਿੰਨਤਾ ਨਾਲ ਸੰਬੰਧਤ ਨਹੀਂ ਹੈ-

(1) ਦਰਿਆ ਤੇ ਸੰਘਣੇ ਜੰਗਲ
(2) ਦਰਿਆ ਤੇ ਪਹਾੜ
(3) ਮਨੁੱਖੀ ਟਕਰਾਅ ਅਤੇ ਆਪਸੀ ਝਗੜੇ
(4) ਰਾਜਸੀ ਅਤੇ ਆਰਥਿਕ ਮਸਲੇ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

42. ਸਿੱਖ ਧਾਰਮਕ ਮਸਲਿਆਂ ਨਾਲ ਸੰਬੰਧਤ ਕਿਹੜਾ ਵਾਰਤਕਕਾਰ ਹੈ?

(1) ਪ੍ਰਿੰ. ਸ਼ਰਵਣ ਸਿੰਘ
(2) ਸ਼ਰਧਾ ਰਾਮ ਫਿਲੌਰੀ
(3) ਪ੍ਰੋ. ਸਾਹਿਬ ਸਿੰਘ
(4) ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

43. ਭਾਈ ਗੁਰਦਾਸ ਜੀ ਦੀ ਦਸਵੀਂ ਵਾਰ ਦੀ ਵਿਸ਼ੇਸ਼ਤਾ ਹੈ-

(1) ਛੇ ਗੁਰੂ ਸਾਹਿਬਾਨ ਦੀ ਮਹਿਮਾ
(2) ਪਿਰਥੀ ਚੰਦ ਦੀ ਗੁਰੂ ਘਰ ਪ੍ਰਤੀ ਈਰਖਾ ਦਾ ਬਿਰਤਾਂਤ
(3) ਪ੍ਰਸਿੱਧ ਭਗਤਾਂ ਦਾ ਜੀਵਨ ਬਿਰਤਾਂਤ
(4) ਗੁਰ ਸਿੱਖਾਂ ਦਾ ਜੀਵਨ ਬਿਰਤਾਂਤ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

44. ਗੁਰਮੁਖੀ ਅੱਖਰ ਜਦੋਂ ਪਰੰਪਰਾਗਤ ਨਿਸ਼ਚਿਤ ਤਰਤੀਬ ਵਿਚ ਰੱਖੇ ਜਾਂਦੇ ਹਨ ਤਾਂ ਇਸ ਨੂੰ ਕਿਹਾ ਜਾਂਦਾ ਹੈ-

(1) ਅੱਖਰਕਾਰੀ
(2) ਵਰਨ ਵਿਉਂਤ
(3) ਗੁਰਮੁਖੀ ਵਰਨਮਾਲਾ
(4) ਮੁਹਾਰਨੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

45. ਵਿਜੋਗ-ਅਵਸਥਾ ਵਿਚ ਜਿਥੇ ਨਾਇਕ ਨਾਇਕਾ ਦਾ ਪਰਸਪਰ ਪ੍ਰੇਮ ਹੋਵੇ ਤਾਂ ਰਸ ਹੁੰਦਾ ਹੈ:

(1) ਵਿਪ੍ਰਲਬਧਾ
(2) ਵਿਪ੍ਰਲੰਭ
(3) ਅਭਿਸਾਰਿਕਾ
(4) ਸੰਭੋਗ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

46. ਕਿਹੜੇ ਆਧੁਨਿਕ ਪੰਜਾਬੀ ਕਵੀ ਨੂੰ 'ਨਿਰੋਲ ਆਤਮਾ ਦਾ ਕਵੀ' ਕਿਹਾ ਜਾ ਸਕਦਾ ਹੈ-

(1) ਪ੍ਰੋ. ਮੋਹਨ ਸਿੰਘ
(2) ਸ਼ਿਵ ਕੁਮਾਰ ਬਟਾਲਵੀ
(3) ਭਾਈ ਵੀਰ ਸਿੰਘ
(4) ਪ੍ਰੋ. ਪੂਰਨ ਸਿੰਘ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

47. ਗੁਰੂ ਰਾਮਦਾਸ ਜੀ ਦੀਆਂ ਕਿੰਨੀਆਂ ਵਾਰਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ?

(1) ਤਿੰਨ
(2) ਅੱਠ
(3) ਛੇ
(4) ਨੌਂ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

48. ਅਸ਼ੁੱਧਤਾ ਅਤੇ ਪਵਿੱਤਰਤਾ ਨਾਲ ਸੰਬੰਧਤ ਰਸਮ ਹੈ-

(1) ਗੁੜ੍ਹਤੀ ਦੀ ਰਸਮ
(2) ਸੂਤਕ ਦੀ ਰਸਮ
(3) ਚਾਂਦੀ ਦੇ ਝੂਲੇ ਦੀ ਰਸਮ
(4) ਲਕਸ਼ਮੀ ਪੂਜਾ ਦੀ ਰਸਮ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

49. ਨਜ਼ਾਬਤ ਦੁਆਰਾ ਲਿਖੀ ਹੋਈ 'ਵਾਰ ਨਾਦਰ ਸ਼ਾਹ' ਦੇ ਅੰਤ ਵਿਚ ਕਿਸ ਦੀ ਮੌਤ ਦਿਖਾਈ ਗਈ ਹੈ?

(1) ਨਾਦਰ ਸ਼ਾਹ ਦੀ
(2) ਰਾਜਾ ਜੈਪਾਲ ਦੀ
(3) ਪਹੁੰਚੇ ਹੋਏ ਫ਼ਕੀਰ ਦੀ
(4) ਖਾਨ ਦੌਰਾ ਦੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

50. ਗੁਰਦਿਆਲ ਸਿੰਘ ਦੇ ਨਾਵਲ 'ਅਣਹੋਏ' ਦਾ ਪਾਤਰ ਬਿਸ਼ਨਾ ਕਿੱਤੇ ਵਜੋਂ ਕੀ ਹੈ?

(1) ਪੁਲਿਸ ਮੁਲਾਜਮ
(2) ਕਿਸਾਨ
(3) ਕਲਰਕ
(4) ਤਰਖਾਣ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

51. ਦੁਆਬੀ ਦੇ ਖੇਤਰ ਵਿਚ ਆਉਂਦੇ ਹਨ:

(1) ਬਠਿੰਡਾ, ਮਾਨਸਾ, ਬਰਨਾਲਾ
(2) ਰੋਪੜ, ਮੁਹਾਲੀ, ਬਨੂੜ
(3) ਜਲੰਧਰ, ਹੁਸ਼ਿਆਰਪੁਰ, ਕਪੂਰਥਲਾ
(4) ਅੰਮ੍ਰਿਤਸਰ, ਤਰਨ-ਤਾਰਨ, ਪੱਟੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

52. 'ਸ਼ਵੇਤਾਂਬਰ ਨੇ ਕਿਹਾ ਸੀ' ਕਹਾਣੀ ਸੰਗ੍ਰਹਿ ਦਾ ਲੇਖਕ .............. ਹੈ।

(1) ਪ੍ਰੇਮ ਪ੍ਰਕਾਸ਼
(2) ਅਜੀਤ ਕੌਰ
(3) ਵਰਿਆਮ ਸਿੰਘ ਸੰਧੂ
(4) ਕਰਤਾਰ ਸਿੰਘ ਦੁੱਗਲ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

53. 'ਫ਼ਲਾਇੰਗ ਸਿੱਖ - ਮਿਲਖਾ ਸਿੰਘ' ਲੇਖ ਅਨੁਸਾਰ ਮਿਲਖਾ ਸਿੰਘ ਨੇ ਰੋਮ ਜਾਣ ਤੋਂ ਪਹਿਲਾਂ ਯੂਰਪੀ ਮੁਲਕਾਂ ਦੇ ਦੌਰੇ ਸਮੇਂ ਕਿਹੜੇ ਵਿਸ਼ਵ ਚੈਂਪੀਅਨ ਨੂੰ ਹਰਾਇਆ ਸੀ-

(1) ਜਰਮਨੀ ਦੇ ਕਾਫ਼ਮੈਨ ਨੂੰ
(2) ਪਾਕਿਸਤਾਨ ਦੇ ਅਬਦੁਲ ਖ਼ਾਲਿਦ ਨੂੰ
(3) ਯੂ.ਐੱਸ.ਏ. ਦੇ ਚਾਰਲਸ ਜੈਨਕਿੰਨਸ ਨੂੰ
(4) ਸਾਊਥ ਅਫ਼ਰੀਕਾ ਦੇ ਮੈਲਕਮ ਨੂੰ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

54. "ਜਿਉ ਭਾਵੈ ਤਿਉ ਤਾਰੀ ਦਾ।
ਨਾ ਕੋਈ ਸਹੁਰਾ ਨਾ ਕੋਈ ਪੇਕਾ,
ਆਸ ਰਹੀ ਹੁਣ ਤੇਰੀ ਏਕਾ।
ਪੱਲਾ ਪਕੜ ਇਆਣੀ ਦਾ।"
ਉਪਰੋਕਤ ਕਾਵਿ-ਬੰਦ ਦਾ ਕਰਤਾ ਹੈ:
(1) ਸ਼ੇਖ ਫ਼ਰੀਦ
(2) ਸ਼ਾਹ ਹੁਸੈਨ
(3) ਸੁਲਤਾਨ ਬਾਹੂ
(4) ਬੁੱਲ੍ਹੇ ਸ਼ਾਹ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

55. ਸ਼ਰਧਾ ਰਾਮ ਫਿਲੌਰੀ ਨੇ ਆਪਣੀ ਰਚਨਾ 'ਸਿਖਾਂ ਦੇ ਰਾਜ ਦੀ ਵਿਥਿਆ' ਵਾਰਤਕ ਪੁਸਤਕ ਵਿਚ ਬਿਰਤਾਂਤ ਪੇਸ਼ ਕੀਤਾ ਹੈ-
(1) ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੇ ਅੰਤ ਤੱਕ ਦਾ ਹਾਲ
(2) ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਅੰਗਰੇਜ਼ਾਂ ਦੇ ਕਾਬਜ਼ ਹੋਣ ਤੱਕ ਦਾ ਹਾਲ
(3) ਬੰਦਾ ਸਿੰਘ ਬਹਾਦਰ ਤੋਂ ਲੈ ਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਤੱਕ ਦਾ ਹਾਲ
(4) ਮਹਾਰਾਜਾ ਰਣਜੀਤ ਸਿੰਘ ਦੇ ਜਨਮ ਤੋਂ ਲੈ ਕੇ ਮੌਤ ਤੱਕ ਦਾ ਹਾਲ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

56. ਨਵੇਂ ਪੰਜਾਬੀ ਲੇਖਕਾਂ ਦੀਆਂ ਪੁਸਤਕਾਂ ਦੀਆਂ ਭੂਮਿਕਾਵਾਂ ਲਿਖ ਕੇ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਦਾ ਸਿਹਰਾ ਕਿਸ ਵਾਰਤਕਕਾਰ ਨੂੰ ਜਾਂਦਾ ਹੈ?
(1) ਪ੍ਰੋ. ਸਾਹਿਬ ਸਿੰਘ
(2) ਪ੍ਰਿੰ. ਸ਼ਰਵਣ ਸਿੰਘ
(3) ਪ੍ਰਿੰ. ਤੇਜਾ ਸਿੰਘ
(4) ਪ੍ਰੋ. ਪੂਰਨ ਸਿੰਘ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

57. ਹੀਰ ਵਾਰਿਸ ਸ਼੍ਰੇਸ਼ਟ ਰਚਨਾ ਹੈ, ਪਰ ਇਸ ਦਾ ਕਾਵਿ-ਦੋਸ਼ ਪਛਾਣਿਆ ਜਾ ਸਕਦਾ ਹੈ-
(1) ਲੰਮਾ ਵਿਸਥਾਰ
(2) ਅਧਿਆਤਮਕ ਰੰਗਣ ਦੇਣ ਦਾ ਯਤਨ
(3) ਕਰਾਮਾਤਾਂ ਦੀ ਓਟ
(4) 1, 2, 3 ਸਾਰੇ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

58. "ਹੋਂਦੇ ਆਏ ਨੇ ਰੰਨਾਂ ਦੇ ਧੁਰੋਂ ਕਾਰੇ, ਰਾਵਣ ਲੰਕਾ ਦੇ ਵਿਚ ਕੁਹਾਇ ਦਿੱਤਾ
ਕੈਰੋਂ ਪਾਂਡਵਾਂ ਨਾਲ ਕੀ ਭਲਾ ਕੀਤਾ, ਨਾਰਾਂ ਖੂਹਣੀਆਂ ਕਟਕ ਮੁਕਾਇ ਦਿੱਤਾ"
ਕਾਵਿ ਸਤਰਾਂ ਦਾ ਰਚੇਤਾ ਹੈ-
(1) ਵਾਰਸ ਸ਼ਾਹ
(2) ਸ਼ਾਹ ਮੁਹੰਮਦ
(3) ਮੁਕਬਲ
(4) ਕਾਦਰਯਾਰ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

59. ਪੰਜਾਬੀ ਸਭਿਆਚਾਰ ਨੇ ਆਪਣਾ ਰੂਪ ਕਦੋਂ ਧਾਰਨਾ ਸ਼ੁਰੂ ਕੀਤਾ?
(1) ਨੌਵੀਂ ਤੋਂ ਬਾਰ੍ਹਵੀ ਸਦੀ
(2) ਉਨ੍ਹੀਵੀਂ ਤੋਂ ਵੀਹਵੀਂ ਸਦੀ
(3) ਤੇਰ੍ਹਵੀਂ ਤੋਂ ਚੌਧਵੀਂ ਸਦੀ
(4) ਪੰਜਵੀਂ ਤੋਂ ਅੱਠਵੀਂ ਸਦੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

60. "ਪਿਰੁ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁ ਛੀਜੈ॥
ਕੋਕਿਲ ਅੰਬਿ ਸੁਹਾਵੀ ਬੋਲੇ ਕਿਉ ਦੁਖੁ ਅੰਕਿ ਸਹੀਜੈ॥" ਇਹ ਸਤਰਾਂ ਹਨ-

(1) ਗੁਰੂ ਅਰਜਨ ਦੇਵ ਜੀ - ਬਾਰਾਂਮਾਂਹ
(2) ਗੁਰੂ ਨਾਨਕ ਦੇਵ ਜੀ - ਬਾਰਾਂਮਾਂਹ
(3) ਗੁਰੂ ਨਾਨਕ ਦੇਵ ਜੀ - ਮਾਝ ਦੀ ਵਾਰ
(4) ਗੁਰੂ ਅਰਜਨ ਦੇਵ ਜੀ - ਸੁਖਮਨੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

61. "ਆਦਿ ਗੁਰਏ ਨਮਹ" ਕਾਵਿ-ਵਾਕੰਸ਼ ਵਿਚ 'ਗੁਰਏ' ਦਾ ਸ਼ਾਬਦਿਕ ਅਰਥ ਹੈ:

(1) ਗੁਰੂ ਦੀ
(2) ਗੁਰੂ ਨੂੰ
(3) ਗੁਰੂ ਨਾਲ
(4) ਗੁਰੂ ਦੁਆਰਾ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

62. 'ਤ੍ਰਾਸਦਿਕ ਵੇਦਨਾ ਵਾਲਾ ਸ਼ਾਇਰ' ਕਿਹੜਾ ਹੈ?

(1) ਭਾਈ ਵੀਰ ਸਿੰਘ
(2) ਸ਼ਿਵ ਕੁਮਾਰ ਬਟਾਲਵੀ
(3) ਡਾ. ਹਰਿਭਜਨ ਸਿੰਘ
(4) ਧਨੀ ਰਾਮ ਚਾਤ੍ਰਿਕ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

63. ਆਈ. ਸੀ. ਨੰਦਾ ਦਾ ਪਹਿਲਾ ਪੂਰਾ ਨਾਟਕ, ਜੋ ਪ੍ਰਗਤੀਸ਼ੀਲ ਦ੍ਰਿਸ਼ਟੀਕੋਣ ਤੋਂ ਰਚਿਆ ਗਿਆ:

(1) ਬੂਹੇ ਬੈਠੀ ਧੀ
(2) ਸੁਭੱਦਰਾ
(3) ਡਾਕ ਘਰ
(4) ਵਰ ਘਰ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

64. ਪੰਜਾਬੀ ਬੋਲੀ ਵਿਚ ਕੁਝ ਵਿਸ਼ੇਸ਼ ਧੁਨੀ-ਸੂਚਕ ਅੱਖਰ, ਜੋ ਇਸ ਨੂੰ ਹੋਰ ਬੋਲੀਆਂ ਤੋਂ ਨਿਖੇੜਦੇ ਹਨ:

(1) ਸ਼, ਖ਼, ਗ਼, ਜ਼, ਫ਼
(2) ਘ, ਝ, ਢ, ਭ, ਧ
(3) ਯ, ਰ, ਲ, ਵ, ਜ
(4) ੳ, ਅ, ੲ, ਸ, ਹ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

65. ਚੰਡੀ ਦੀ ਵਾਰ ਦੇ ਪਾਠ ਵਿਚ ਕਿਹੜੇ ਪੁਰਾਣ ਦੇ ਵੇਰਵਿਆਂ ਨੂੰ ਆਧਾਰ ਬਣਾ ਕੇ ਮਿੱਥ ਰੂਪਾਂਤਰਨ ਵੱਲ ਧਿਆਨ ਦਿੱਤਾ ਗਿਆ ਹੈ:

(1) ਵਿਸ਼ਨੂੰ ਪੁਰਾਣ
(2) ਵਾਯੂ ਪੁਰਾਣ
(3) ਮਾਰਕੰਡੇ ਪੁਰਾਣ
(4) ਹਰਿਬੰਸ ਪੁਰਾਣ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

66. ਪੰਜਾਬੀ ਭਾਸ਼ਾ ਦੇ ਨਿਕਾਸ ਸੰਬੰਧੀ ਵਿਸ਼ੇਸ਼ਤਾਵਾਂ ਹਨ-

ੳ. ਪੰਜਾਬੀ ਦਾ ਸੋਮਾ ਸੰਸਕ੍ਰਿਤ ਨਹੀਂ ਸਗੋਂ ਉਪਭ੍ਰੰਸ਼ਾਂ ਤੇ ਪ੍ਰਕਿਰਤਾਂ ਹਨ।

ਅ. ਯੂਰੇਸ਼ੀਆ ਚੱਕਰ ਦੇ ਭਾਸ਼ਾ ਪਰਿਵਾਰ ਭਾਰੋਪੀ ਦੀ ਇਕ ਸ਼ਾਖ ਦੀਆਂ ਪ੍ਰਮੁੱਖ ਭਾਸ਼ਾਵਾਂ ਵਿਚੋਂ ਪੰਜਾਬੀ ਇੱਕ ਮਹੱਤਵਸ਼ਾਲੀ ਭਾਸ਼ਾ ਹੈ।

ੲ. ਪੰਜਾਬੀ ਦਾ ਵੈਦਿਕ ਭਾਸ਼ਾ, ਸੰਸਕ੍ਰਿਤ ਤੇ ਪਾਲੀ ਨਾਲ ਰਿਸ਼ਤਾ ਜਰੂਰ ਸਪਸ਼ਟ ਨਜ਼ਰੀ ਆਉਂਦਾ ਹੈ।

ਸ. ਕਿਰਿਆਵਾਂ, ਕਾਰਕਾਂ, ਕਿਰਿਆ ਵਿਸ਼ੇਸ਼ਣਾਂ ਆਦਿ ਦੀ ਬਣਤਰ-ਦ੍ਰਿਸ਼ਟੀ ਤੋਂ ਪੰਜਾਬੀ ਵੈਦਿਕ/ਸੰਸਕ੍ਰਿਤ ਦੇ ਹਿੰਦੀ, ਬੰਗਾਲੀ ਨਾਲੋਂ ਵਧੇਰੇ ਨੇੜੇ ਹੈ।

(1) ੳ ਅਤੇ ਸ
(2) ੳ ਅਤੇ ੲ
(3) ਅ, ੲ ਅਤੇ ਸ
(4) ੳ, ਅ, ੲ ਅਤੇ ਸ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

67. ਬਰਾਤ ਬੰਨ੍ਹਣ ਅਤੇ ਛਡਾਉਣ ਦੀ ਰੀਤ ਨਾਲ ਸੰਬੰਧਤ ਕਾਵਿ ਰੂਪ ਹੈ-

(1) ਛੰਦ ਪਰਾਗਾ
(2) ਪੱਤਣ ਕਾਵਿ
(3) ਸਿੱਠਣੀ ਕਾਵਿ
(4) ਪੱਤਲ ਕਾਵਿ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

68. ਸ਼ਾਹ ਮੁਹੰਮਦ ਦੁਆਰਾ ਰਚਿਤ 'ਜੰਗਨਾਮਾ ਸਿੰਘਾਂ ਤੇ ਫਿਰੰਗੀਆਂ' ਵਿਚ ਕੁੱਲ ਕਿੰਨੇ ਬੰਦ ਹਨ?

(1) ਅੱਠਵੰਜਾ
(2) ਇਕ ਸੌ ਤੇਈ
(3) ਇਕ ਸੌ ਪੰਜ
(4) ਬਿਆਸੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

69. ਪੜਨਾਂਵ ਸ਼ਬਦਾਂ ਦੀ ਸ਼੍ਰੇਣੀ ਹੁੰਦੀ ਹੈ:

(1) ਭਾਸ਼ਾ ਦੇ ਖੇਤਰ ਅਨੁਸਾਰ
(2) ਅਸੀਮਤ
(3) ਨਾਂਵ ਸ਼੍ਰੇਣੀ ਅਨੁਸਾਰ
(4) ਸੀਮਤ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

70. ਗੁਰਦਿਆਲ ਸਿੰਘ ਦੇ ਨਾਵਲਾਂ ਦਾ ਸਹੀ ਜੁੱਟ ਨਹੀਂ ਹੈਂ-

(1) ਮੜ੍ਹੀ ਦਾ ਦੀਵਾ, ਅਣਹੋਏ, ਕੁਵੇਲਾ
(2) ਰੇਤੇ ਦੀ ਇਕ ਮੁੱਠੀ, ਅੱਧ ਚਾਨਣੀ ਰਾਤ, ਅੰਨ੍ਹੇ ਘੋੜੇ ਦਾ ਦਾਨ
(3) ਆਥਣ ਉੱਗਣ, ਪਹੁ ਫੁਟਾਲੇ ਤੋਂ ਪਹਿਲਾਂ, ਪਰਸਾ
(4) ਰੇਤੇ ਦੀ ਇੱਕ ਮੁੱਠੀ, ਮੜ੍ਹੀ ਦਾ ਦੀਵਾ, ਰੋਹੀ ਬੀਆਬਾਨ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

71. "ਪਹਾੜਾ ਸਿੰਘ ਸੀ ਯਾਰ ਫਰੰਗੀਆਂ ਦਾ,
ਸਿੰਘਾਂ ਨਾਲ ਸੀ ਓਸ ਦੀ ਗ਼ੈਰਸਾਲੀ।"
ਸ਼ਾਹ ਮੁਹੰਮਦ ਰਚਿਤ ਉਪਰੋਕਤ ਕਾਵਿ-ਤੁਕ ਵਿਚ ਵਰਨਣ 'ਪਹਾੜਾ ਸਿੰਘ' ਕੌਣ ਸੀ:

(1) ਮਹਾਰਾਜੇ ਦਾ ਖਜਾਨਾ-ਮੰਤਰੀ
(2) ਮਹਾਰਾਜੇ ਦਾ ਸਿਪਾਹੀ
(3) ਮਹਾਰਾਜੇ ਦਾ ਅਹਿਲਕਾਰ
(4) ਇਕ ਰਾਜਾ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

72. "ਰਾਮੁ ਗਇਓ ਰਾਵਨੁ ਗਇਓ ਜਾ ਕਉ ਬਹੁ ਪਰਵਾਰੁ॥ ਕਹੁ ਨਾਨਕ ਥਿਰ ਕਛੁ ਨਹੀ ਸੁਪਨੇ ਜਿਉ ਸੰਸਾਰ॥" ਸਲੋਕ ਵਿਚ ਗੁਰੂ ਤੇਗ ਬਹਾਦਰ ਜੀ ਪ੍ਰਮੁੱਖ ਰੂਪ ਵਿਚ ਕਿਹੜਾ ਸੰਦੇਸ਼ ਦੇ ਰਹੇ ਹਨ?

(1) ਰਮਾਇਣ ਦਾ
(2) ਰਾਵਣ ਦੇ ਪਰਿਵਾਰ ਦਾ
(3) ਸੰਸਾਰਕ ਨਾਸ਼ਮਾਨਤਾ ਦਾ
(4) ਆਪਣੀ ਸ਼ਹਾਦਤ ਦਾ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

73. ਫੂਹੜੀ ਵਿਛਣ ਦਾ ਸੰਬੰਧ ਹੈ-

(1) ਜਨਮ ਦੀਆਂ ਰਸਮਾਂ ਨਾਲ
(2) ਮੰਗਣੇ ਦੀਆਂ ਰਸਮਾਂ ਨਾਲ
(3) ਵਿਆਹ ਦੀਆਂ ਰਸਮਾਂ ਨਾਲ
(4) ਮੌਤ ਦੀਆਂ ਰਸਮਾਂ ਨਾਲ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

74. ਹਾਸ਼ਮ ਸ਼ਾਹ ਦੇ ਕਿੱਸੇ ਸੱਸੀ-ਪੁੰਨੂੰ ਅਨੁਸਾਰ ਪੁੰਨੂੰ ਦੇ ਸ਼ਹਿਰ ਦਾ ਨਾਂ ਕੀ ਸੀ?
(1) ਕੇਚਮ
(2) ਭਬੋਰ
(3) ਸਿਆਲਕੋਟ
(4) ਮੁਲਤਾਨ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

75. ਕਿਹੜੇ ਨਾਟਕ ਵਿਚ ਦੇਸ਼ ਵੰਡ ਦੇ ਕਤਲੇਆਮ ਦੀ ਹਿਰਦੇਵੇਧਕ ਝਾਕੀ ਪੇਸ਼ ਕੀਤੀ ਗਈ ਹੈ?
(1) ਜਿਉਂਦੀ ਲਾਸ਼
(2) ਦੋਸ਼
(3) ਮਰਦ ਮਰਦ ਨਹੀਂ ਤੀਵੀਂ ਤੀਵੀਂ ਨਹੀਂ
(4) ਕੈਮਲੂਪਸ ਦੀਆਂ ਮੱਛੀਆਂ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

76. 'ਕਿਫਾਇਤ ਕਰਨ ਵਾਲਾ, ਅੱਗੇ ਅੱਗੇ ਚਲਣ ਵਾਲਾ, ਵਾਰ ਵਾਰ ਆਉਣ ਵਾਲਾ, ਲੋੜ ਪੂਰੀ ਕਰਨ ਵਾਲਾ' ਅਰਥ ਹਨ:
(1) ਕਾਫੀ ਦੇ
(2) ਗੀਤ ਦੇ
(3) ਗ਼ਜ਼ਲ ਦੇ
(4) ਕਿੱਸੇ ਦੇ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

77. ਕਿਹੜਾ ਕਥਨ ਸਹੀ ਹੈ:
I. ਸਰੀਰਕ ਪੱਖੋਂ ਸੁਡੌਲਤਾ, ਬਹਾਦਰੀ, ਦਲੇਰੀ ਪੰਜਾਬੀਆਂ ਦੀ ਮਜਬੂਰੀ ਹੈ।
II. ਇਥੋਂ ਦੇ ਜੰਮੇ ਨੂੰ ਨਿੱਤ ਮੁਹਿੰਮਾਂ ਰਹਿਣ ਕਾਰਨ, ਸਰੀਰਕ ਨਰੋਏਪਣ ਤੋਂ ਬਿਨਾਂ ਹੋਂਦ ਕਾਇਮ ਰੱਖ ਸਕਣਾ ਸੰਭਵ ਨਹੀਂ ਸੀ।
(1) ਕਥਨ I ਸਹੀ ਅਤੇ II ਗ਼ਲਤ ਹੈ।
(2) ਕਥਨ II ਸਹੀ ਅਤੇ I ਗ਼ਲਤ ਹੈ।
(3) ਦੋਵੇਂ ਗ਼ਲਤ ਹਨ।
(4) ਦੋਵੇਂ ਸਹੀ ਹਨ।
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

78. ਅਜਿਹੀ ਕੋਈ ਸਮੱਸਿਆ ਨਹੀਂ, ਜਿਹੜੀ ਵਿੱਦਿਆ ਦੁਆਰਾ ਸੁਲਝਾਈ ਨਾ ਜਾ ਸਕੇ। ਵਿੱਦਿਆ ਇੱਕ ਅਜਿਹੀ ਕੁੰਜੀ ਹੈ ਜੋ ਹਰ ਮੁਸ਼ਕਿਲ ਰੂਪੀ ਜਿੰਦਰੇ ਨੂੰ ਖੋਲ੍ਹ ਸਕਦੀ ਹੈ। ਪਰ ਇਹ ਤਾਂ ਹੀ ਸੰਭਵ ਹੈ ਜੇਕਰ ਅਸੀਂ ਠੀਕ ਢੰਗ ਦੀ ਵਿੱਦਿਆ ਪ੍ਰਾਪਤ ਕਰੀਏ। ਜਿਹੜੀ ਸਿੱਖਿਆ ਵੇਲੇ ਦੇ ਸਮਾਜ ਨਾਲੋਂ ਟੁੱਟੀ ਹੋਵੇਗੀ ਉਹ ਸਾਡਾ ਭਲਾ ਨਹੀਂ ਕਰ ਸਕਦੀ।
ਵਾਰਤਕ ਪੈਰ੍ਹੇ ਅਨੁਸਾਰ ਵਿੱਦਿਆ ਰੂਪੀ ਕੁੰਜੀ ਕਰ ਸਕਦੀ ਹੈ-
(1) ਸਮੱਸਿਆ ਦਾ ਹੱਲ
(2) ਮੁਸ਼ਕਿਲ ਰੂਪੀ ਜਿੰਦਰੇ ਨੂੰ ਖੋਲ੍ਹ ਸਕਦੀ ਹੈ।
(3) ਸਮਾਜ ਤੋੜ ਸਕਦੀ ਹੈ
(4) ਸਾਡਾ ਭਲਾ ਨਹੀਂ ਕਰ ਸਕਦੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

79. 'ਪੇਮੀ ਦੇ ਨਿਆਣੇ' ਕਹਾਣੀ ਅਨੁਸਾਰ "ਮੈਂ" ਪਾਤਰ ਨੂੰ ਦਿਲਾਸਾ ਦਿੰਦੀ ਭੈਣ ਲਗਦੀ ਹੈ-
(1) ਦਲੇਰ ਪਿਤਾ ਵਰਗੀ
(2) ਵੱਡੇ ਭਰਾ ਵਰਗੀ
(3) ਖ਼ੁਦ ਪੇਮੀ ਬਣੀ ਹੋਈ
(4) ਰਾਸ਼ੇ ਦੇ ਨਾਲ ਰਲੀ ਹੋਈ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

80. ਕਿਸ ਆਲੋਚਨ ਅਨੁਸਾਰ. "ਆਦਰਸ਼ਵਾਦ ਨਾਨਕ ਸਿੰਘ ਦੇ ਨਾਵਲਾਂ ਦੀ ਆਤਮਾ ਹੈ, ਜਿਹੜੀ ਲਗਭਗ ਹਰ ਵਰ੍ਹੇ ਇੱਕ ਨਵੇਂ ਨਾਵਲ ਦੇ ਰੂਪ ਵਿਚ ਨਵਾਂ ਜਨਮ ਧਾਰਦੀ ਹੈ।"
(1) ਅਤਰ ਸਿੰਘ
(2) ਜੋਗਿੰਦਰ ਸਿੰਘ ਰਾਹੀ
(3) ਸੰਤ ਸਿੰਘ ਸੇਖੋਂ
(4) ਟੀ. ਆਰ. ਵਿਨੋਦ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

81. ਜਦੋਂ ਜੀਭ ਕੋਮਲ ਤਾਲੂ ਨੂੰ ਛੂੰਹਦੀ ਹੈ ਤਾਂ ਕਿਹੜੀਆਂ ਧੁਨੀਆਂ ਉਚਾਰੀਆਂ ਜਾਂਦੀਆਂ ਹਨ-

(1) ਚ, ਛ, ਜ
(2) ਟ, ਠ, ਡ
(3) ਤ, ਥ, ਦ
(4) ਕ, ਖ, ਗ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

82. ਹਰਭਜਨ ਸਿੰਘ ਦੇ ਨਾਟਕ 'ਪੁੰਨਿਆਂ ਦਾ ਚੰਨ' ਦਾ ਵਿਸ਼ਾ ਹੈ:

(1) ਦੰਦ ਕਥਾ ਦੀ ਪੁਨਰ-ਉਸਾਰੀ
(2) ਪੁੰਨਿਆਂ ਦਾ ਮਹੱਤਵ
(3) ਪਿਆਰ ਭਾਵਨਾਵਾਂ ਦੀ ਅਭਿਵਿਅਕਤੀ
(4) ਗੁਰੂ ਨਾਨਕ ਦੇਵ ਜੀ ਦੀ ਮਹਿਮਾ ਦਾ ਵਰਣਨ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

83. 'ਮੇਰੇ ਪਿਤਾ ਜੀ ਅੱਜ ਪਿੰਡ ਗਏ ਹਨ।' ਵਾਕ ਦਾ ਉਦੇਸ਼ ਚੁਣੋ-

(1) ਮੇਰੇ ਪਿਤਾ
(2) ਮੇਰੇ ਪਿਤਾ ਜੀ
(3) ਮੇਰੇ ਪਿਤਾ ਜੀ ਅੱਜ
(4) ਮੇਰੇ ਪਿਤਾ ਜੀ ਅੱਜ ਪਿੰਡ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

84. ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੀ ਕਹਾਣੀ 'ਪਹੁਤਾ ਪਾਂਧੀ' ਦਾ ਮੁੱਖ ਪਾਤਰ ਹੈ-

(1) ਕਰਨਲ
(2) ਬ੍ਰਿਗੇਡੀਅਰ
(3) ਕੈਪਟਨ
(4) ਮੇਜਰ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

85. ਗੀਤ ਕਾਵਿ ਰੂਪ ਦਾ ਜਨਮ ਕਿਹੜੇ ਸੰਗੀਤ ਯੰਤਰ ਨਾਲ ਗਾਏ ਜਾਣ ਲਈ ਹੋਇਆ-

(1) ਹਾਰਮੋਨੀਅਮ
(2) ਗਿਟਾਰ
(3) ਲਾਇਰ
(4) ਰਬਾਬ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

86. ਪੰਜਾਬੀ ਸਭਿਆਚਾਰ ਦੀ ਮੂਲ ਪਛਾਣ ਸੰਬੰਧੀ ਗਲਤ ਰੁਝਾਨਾਂ ਬਾਰੇ ਕਥਨ ਦਿੱਤੇ ਗਏ ਹਨ, ਕਿਹੜਾ ਕਥਨ ਸਹੀ ਹੈ-

ਕਥਨ ੳ- ਪੰਜਾਬੀ ਸਭਿਆਚਾਰ ਦੀ ਮੂਲ ਪਛਾਣ ਸੰਬੰਧੀ ਗਲਤ ਰੁਝਾਨ ਸੰਪਰਦਾਇਕ ਸੰਕੀਰਣਤਾਵਾਂ ਅਤੇ ਦ੍ਰਿਸ਼ਟੀਆਂ ਦਾ ਹੈ। ਪਹਿਲਾਂ ਬ੍ਰਾਹਮਣੀ ਹਿੰਦੂ ਸਭਿਆਚਾਰਕ ਬਣਤਰ ਦੇ ਮੂਲ ਸਾਰ, ਇਤਿਹਾਸਕ ਗੌਰਵ, ਨਸਲੀ ਸ਼ੁੱਧਤਾ ਅਤੇ ਇਸ ਦੇ ਵਿਚਾਰਧਾਰਕ ਪਰਕਰਣ ਅਨੁਸਾਰ ਪੰਜਾਬੀ ਸਭਿਆਚਾਰ ਨੂੰ ਪਛਾਨਣ ਤੇ ਪੇਸ਼ ਕਰਨ ਦਾ ਰੁਝਾਨ ਭਾਰੂ ਰਿਹਾ ਹੈ।

ਕਥਨ ਅ- ਦੂਸਰਾ ਰੁਝਾਨ ਬ੍ਰਾਹਮਣੀ ਹਿੰਦੂ ਸਭਿਆਚਾਰ ਦੇ ਸੰਘਾਰਕ ਵਿਹਾਰ ਦੇ ਬਿਲਕੁਲ ਉਲਟ ਇਸ ਨੂੰ ਸਿੱਖ ਧਰਮ ਦੇ ਆਰੰਭ ਨਾਲ ਜੋੜ ਕੇ, ਪੰਜਾਬੀ ਸਭਿਆਚਾਰ ਦੇ ਸਮੁੱਚੇ ਸਰੂਪ ਨੂੰ ਕਾਂਟ-ਛਾਂਟ ਵਖਰਾ ਕੇ ਸਿਖ ਸੰਪਰਦਾਇ ਦੇ ਅਰਥਾਂ ਵਿਚ ਸਮੇਟਣ ਦਾ ਹੈ।

(1) ਕਥਨ ੳ ਅਤੇ ਅ ਦੋਵੇਂ ਸਹੀ ਹਨ
(2) ਕਥਨ ੳ ਸਹੀ ਹੈ
(3) ਕਥਨ ਅ ਸਹੀ ਹੈ
(4) ਕਥਨ ੳ ਅਤੇ ਅ ਦੋਵੇਂ ਗਲਤ ਹਨ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

87. ਬਾਬਰ ਦੇ ਹਮਲੇ ਨਾਲ ਸੰਬੰਧਤ ਗੁਰੂ ਨਾਨਕ ਦੇਵ ਦੁਆਰਾ ਉਚਾਰੇ ਸ਼ਬਦਾਂ ਦੇ ਰਾਗਾਂ ਦਾ ਸਹੀ ਜੁੱਟ ਹੈ:

(1) ਆਸਾ ਰਾਗ, ਸਾਰੰਗ ਰਾਗ
(2) ਆਸਾ ਰਾਗ, ਗਉੜੀ ਰਾਗ
(3) ਆਸਾ ਰਾਗ, ਟੋਡੀ ਰਾਗ
(4) ਆਸਾ ਰਾਗ, ਤਿਲੰਗ ਰਾਗ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

88. "ਫੇਰ ਸੁਲਤਾਨ ਬਾਹੂ ਇੱਕ ਹੋਇਆ, ਖਾਸਾ ਮਰਦ ਹਕਾਨੀ ਦੋਹੜੇ ਪਾਕ ਜ਼ਬਾਨ ਉਹਦੀ ਦੇ, ਰੌਸ਼ਨ ਦੋਹੀਂ ਜਹਾਨੀ" ਸੁਲਤਾਨ ਬਾਹੂ ਸੰਬੰਧੀ ਇਹ ਕਾਵਿ ਟਿੱਪਣੀ ਕਿਸ ਕਵੀ ਦੀ ਹੈ-

(1) ਮੁਹੰਮਦ ਬਖ਼ਸ਼
(2) ਨਜ਼ਾਬਤ
(3) ਸ਼ਾਹ ਸ਼ਰਫ਼
(4) ਫ਼ਰਦ ਫ਼ਕੀਰ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

89. "ਆਪੇ ਏਕ ਅਨੇਕ ਕਹਾਵੈ, ਸਾਹਿਬ ਹੈ ਬਹੁ ਰੰਗੀ" ਕਾਫੀ-ਤੁਕ ਵਿਚ ਸ਼ਾਹ ਹੁਸੈਨ ਕਿਸ ਵਿਚਾਰ ਦੀ ਪ੍ਰੋੜਤਾ ਕਰਦਾ ਹੈ?

(1) ਰੱਬੀ ਅਨੇਕਤਾ ਦੀ
(2) ਏਕਤਾ ਵਿਚ ਰੱਬੀ ਅਨੇਕਤਾ ਦੀ
(3) ਅਨੇਕਤਾ ਵਿਚ ਰੱਬੀ ਏਕਤਾ ਦੀ
(4) ਇਨ੍ਹਾਂ ਵਿਚੋਂ ਕਿਸੇ ਦੀ ਨਹੀਂ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

90. ਡਾ. ਬਯੁਹਲਰ ਆਪਣੀ ਪੁਸਤਕ Indian Palaeography ਵਿਚ 6ਵੀਂ, 7ਵੀਂ, 8ਵੀਂ, 9ਵੀਂ ਅਤੇ 10ਵੀਂ ਸਦੀ ਦੌਰਾਨ ਪੰਜਾਬ ਵਿਚ ਪ੍ਰਚਲਿਤ ਲਿਪੀ ਨੂੰ ਨਾਂ ਦਿੰਦਾ ਹੈ-

(1) ਭੱਟ ਅੱਖਰੀ
(2) ਸਿੱਧ ਮਾਤ੍ਰਿਕਾ
(3) ਸਿੱਧਮ
(4) ਸਿਧੋਙਾਇਆ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

91. ਜਿਸ ਦੀ ਉਪਮਾ ਕੀਤੀ ਜਾਵੇ, ਉਸ ਨੂੰ ........... ਕਿਹਾ ਜਾਂਦਾ ਹੈ।

(1) ਉਪਮਾਨ
(2) ਵਾਚਕ
(3) ਉਪਮੇਯ
(4) ਸਾਂਝਾ ਧਰਮ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

92. ਕਿੱਸਾ ਪੂਰਨ ਭਗਤ ਕਿਸ ਛੰਦ ਵਿਚ ਹੈ-

(1) ਬੈਂਤ
(2) ਦਵੱਈਆ
(3) ਕੋਰੜਾ
(4) ਦੋਹਿਰਾ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

93. ਅਜਿਹੀ ਸਵੈ-ਜੀਵਨੀ ਜਿਸ ਵਿਚ ਲੇਖਕ ਨੇ ਸੁਪਨ-ਢੰਗ ਦੀ ਸਫਲ ਵਰਤੋਂ ਕਰਦਿਆਂ ਹੋਇਆਂ ਜ਼ਿੰਦਗੀ ਦੇ ਯਥਾਰਥ ਅਨੁਭਵਾਂ ਅਤੇ ਅਸਫਲਤਾਵਾਂ ਨੂੰ ਸੁਪਨਿਆਂ ਰਾਹੀਂ ਵਿਅਕਤ ਕੀਤਾ ਹੈ:

(1) ਖਾਨਾਂ ਬਦੋਸ਼
(2) ਰਸੀਦੀ ਟਿਕਟ
(3) ਨਾਨਕਾ ਪਿੰਡ
(4) ਮੇਰੀ ਦੁਨੀਆਂ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

94. (ੳ) "ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸ ਨਾਲਿ।"
(ਅ) "ਹਿਕ ਜਾਗਣ ਹਿਕ ਜਾਗ ਨ ਜਾਣਨ, ਹਿਕ ਜਾਗਦਿਆਂ ਹੀ ਸੁੱਤੇ ਹੂ।"
ਉਪਰੋਕਤ ਕਾਵਿ-ਤੁਕਾਂ ਦੇ ਆਧਾਰ 'ਤੇ ਰਚਨਾਕਾਰ ਦੇ ਸਹੀ ਜੁੱਟ ਦੀ ਪਛਾਣ ਕਰੋ:

(1) ਫ਼ਰੀਦ, ਸ਼ਾਹ ਸ਼ਰਫ਼
(2) ਫ਼ਰੀਦ, ਸ਼ਾਹ ਹੁਸੈਨ
(3) ਫ਼ਰੀਦ, ਸੁਲਤਾਨ ਬਾਹੂ
(4) ਫ਼ਰੀਦ, ਸ਼ਾਹ ਮੁਰਾਦ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

95. 'ਸ਼ੁਤਰਨਾਮਾ' ਕਿਸ ਦੀ ਰਚਨਾ ਹੈ?

(1) ਸ਼ਾਹ ਸਰਫ ਦੀ
(2) ਵਾਰਿਸ ਸ਼ਾਹ ਦੀ
(3) ਪੀਲੂ ਦੀ
(4) ਵਜੀਦ ਦੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

96. ਪੱਛਮੀਂ ਪੰਜਾਬ ਵਿਚ 'ਮਲੰਗਾਂ ਦਾ ਨਾਚ' ਆਖਿਆ ਜਾਂਦਾ ਹੈ–

(1) ਧਮਾਲ ਨੂੰ
(2) ਜੱਲੀ ਨੂੰ
(3) ਲੁੱਡੀ ਨੂੰ
(4) ਝੂੰਮਰ ਨੂੰ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

97. ਬੱਚੇ ਦੇ ਜੰਮਣ ਉਪਰੰਤ ਅਦਾ ਕੀਤੀ ਜਾਣ ਵਾਲੀ ਰਸਮ ਹੈ:

(1) ਅੱਖ-ਸਲਾਈ
(2) ਦੁਧੀਆਂ ਧੋਣ
(3) ਕਾਦਸ਼ੀ
(4) ਉਪਰੋਕਤ ਵਿਚੋਂ ਕੋਈ ਨਹੀਂ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

98. ਉਹ ਕਵੀ ਜਿਸ ਦੀ ਕਵਿਤਾ ਦੇ ਭਾਵ ਰੁਮਾਂਟਿਕ ਆਦਰਸ਼ਵਾਦ ਤੋਂ ਆਰੰਭ ਹੁੰਦੇ ਹਨ ਤੇ ਪ੍ਰਗਤੀਵਾਦੀ ਖੇਤਰ ਤਕ ਆਪਣੀ ਸਿਖਰ ਪਰਾਪਤ ਕਰ ਲੈਂਦੇ ਹਨ:

(1) ਪ੍ਰੋ. ਮੋਹਨ ਸਿੰਘ
(2) ਧਨੀ ਰਾਮ ਚਾਤ੍ਰਿਕ
(3) ਪ੍ਰੀਤਮ ਸਿੰਘ ਸਫ਼ੀਰ
(4) ਜਸਵੰਤ ਸਿੰਘ ਨੇਕੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

99. ਗਉੜੀ, ਗੁਜਰੀ, ਜੈਤਸਰੀ, ਰਾਮਕਲੀ, ਮਾਰੂ ਤੇ ਬਸੰਤ ਰਾਗਾਂ ਵਿਚ ਕਿਹੜੇ ਗੁਰੂ ਨੇ ਵਾਰਾਂ ਦੀ ਰਚਨਾ ਕੀਤੀ ਹੈ?

(1) ਗੁਰੂ ਅਰਜਨ ਦੇਵ ਜੀ ਨੇ
(2) ਗੁਰੂ ਤੇਗ ਬਹਾਦਰ ਜੀ ਨੇ
(3) ਗੁਰੂ ਨਾਨਕ ਦੇਵ ਜੀ ਨੇ
(4) ਇਨ੍ਹਾਂ ਵਿਚੋਂ ਕੋਈ ਨਹੀਂ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

100. ਸੰਤ ਸਿੰਘ ਸੇਖੋ ਰਚਿਤ ਇਕਾਂਗੀ-ਸੰਗ੍ਰਹਿ ਦਾ ਸਹੀ ਜੁੱਟ ਹੈ:

(1) ਨਾਰਕੀ, ਵਾਰਿਸ, ਭੂਮੀਦਾਨ।
(2) ਤਪਿਆ ਕਿਉਂ ਖਪਿਆ, ਨਾਟ ਸੁਨੇਹੇ, ਸੁੰਦਰਪਦ।
(3) ਦਮਯੰਤੀ, ਮਿੱਤਰ ਪਿਆਰਾ, ਬੇੜਾ ਬੰਧ ਨਾ ਸਕਿਉ।
(4) ਧਰਤੀ ਦੀ ਜਾਈ, ਜਿਹ ਸਚ ਪਲੈ ਹੋਇ, ਕਲਾ ਤੇ ਜ਼ਿੰਦਗੀ।
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

101. ਵਿਆਹ ਸਮੇਂ ਧੀ ਵਾਲੀ ਧਿਰ ਵੱਲੋਂ ਲਾੜੇ ਵਾਲੀ ਧਿਰ ਨੂੰ ਸਿੱਧੇ ਤੌਰ 'ਤੇ ਵਿਅੰਗ ਦਾ ਵਿਸ਼ਾ ਬਣਾ ਕੇ ਠਿੱਠ ਕਰਨ ਵਾਲੀ ਲੋਕ-ਕਾਵਿ ਦੀ ਵੰਨਗੀ ਹੈ:

(1) ਸਿੱਠਣੀ
(2) ਘੋੜੀ
(3) ਸੁਹਾਗ
(4) ਲੋਰੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

102. ਇਨ੍ਹਾਂ ਵਿਚੋਂ ਨਾਟਕ ਦੇ ਤੱਤ ਕਿਹੜੇ ਹਨ?

(1) ਛੰਦ, ਤੁਕਾਂਤ-ਮੇਲ ਤੇ ਰਸ
(2) ਮਤਲਾ, ਮਕਤਾ ਤੇ ਤੁਕਾਂਤ ਮੇਲ
(3) ਰਸ, ਅਭਿਨੈ ਤੇ ਵਾਰਤਾਲਾਪ
(4) ਵਾਰਤਾਲਾਪ, ਛੰਦ ਤੇ ਸਵੈ-ਜੀਵਨ ਚਿਤਰਣ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

103. ਡਾ. ਮਹਿੰਦਰ ਸਿੰਘ ਰੰਧਾਵਾ ਰਚਿਤ ਸਵੈ-ਜੀਵਨੀ 'ਆਪਬੀਤੀ' ਦੀਆਂ ਵਿਸ਼ੇਸ਼ਤਾਵਾਂ ਹਨ-

ੳ. ਪੰਜਾਬ ਅਤੇ ਭਾਰਤ ਦੀਆਂ ਸਮਕਾਲੀਨ ਸਥਿਤੀਆਂ ਪ੍ਰਸਥਿਤੀਆਂ ਦਾ ਵਰਨਣ
ਅ. ਦੇਸ਼ ਦੀ ਵੰਡ ਤੋਂ ਪੈਦਾ ਹੋਈਆਂ ਸਮੱਸਿਆਵਾਂ ਦਾ ਬਿਆਨ
ੲ. ਨਿਰੋਲ ਤੱਥਾਂ ਤੇ ਅਧਾਰਤ ਵਰਨਣ
ਸ. ਬਿਆਨ ਢੰਗ ਸਾਦਾ ਸਪਸ਼ਟ ਅਤੇ ਵਸਤੂਨਿਸ਼ਠ ਗੁਣਾਂ ਦਾ ਧਾਰਨੀ

(1) ੳ ਅਤੇ ਅ
(2) ੳ, ਅ ਅਤੇ ੲ
(3) ੳ, ੲ ਅਤੇ ਸ
(4) ੳ, ਅ, ੲ ਅਤੇ ਸ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

104. ਗੁਰਮੁਖੀ ਲਿਪੀ ਦੀ ਵਿਸ਼ੇਸ਼ਤਾ ਹੈ-

ੳ. ਗੁਰਮੁਖੀ ਇਕ ਪ੍ਰਾਚੀਨ ਲਿਪੀ ਹੈ।
ਅ. ਗੁਰਮੁਖੀ ਇਕ ਸੁਤੰਤਰ ਲਿਪੀ ਹੈ।
ੲ. ਗੁਰਮੁਖੀ ਲਿਪੀ ਸੰਸਾਰ ਦੀਆਂ ਵਿਕਸਿਤ ਲਿਪੀਆਂ ਵਿਚੋਂ ਇਕ ਹੈ।
ਸ. ਗੁਰਮੁਖੀ ਲਿਪੀ ਦੇ ਸਿਵਾਏ ਹੋਰ ਕੋਈ ਵੀ ਲਿਪੀ ਪੰਜਾਬੀ ਬੋਲੀ ਦੇ ਸ਼ਬਦਾਂ ਤੇ ਉਨ੍ਹਾਂ ਦੇ ਉਚਾਰਨ ਨੂੰ ਠੀਕ ਤਰ੍ਹਾਂ ਨਹੀਂ ਪ੍ਰਗਟਾ ਸਕਦੀ।

(1) ੳ ਅਤੇ ਸ
(2) ੳ ਅਤੇ ਅ
(3) ੳ, ੲ ਅਤੇ ਸ
(4) ੳ, ਅ, ੲ ਅਤੇ ਸ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

105. ਕੁਲਵੰਤ ਸਿੰਘ ਵਿਰਕ ਦੀ ਕਹਾਣੀ ਕਲਾ ਦੀ ਵਿਸ਼ੇਸ਼ਤਾ ਹੈ-

ੳ. ਵਿਰਕ ਸਾਧਾਰਣ ਪਾਤਰਾਂ ਦੀ ਸਾਧਾਰਣਤਾ ਨੂੰ ਪੇਸ਼ ਕਰਨ ਵਾਲਾ ਕਹਾਣੀਕਾਰ ਹੈ।
ਅ. ਵਿਰਕ ਦੀ ਕਹਾਣੀ, ਕਹਾਣੀ ਦੇ ਅੰਤ ਉੱਤੇ ਪਏ ਸੰਕੇਤ ਉੱਤੇ ਅਧਾਰਿਤ ਹੁੰਦੀ ਹੈ।
ੲ. ਵਿਰਕ ਦੀ ਕਹਾਣੀ ਕਲਾ ਵਿਚ ਊਣਤਾਈਆਂ ਲੱਭਣੀਆਂ ਕਠਿਨ ਹਨ।
ਸ. ਵਿਰਕ ਆਧੁਨਿਕ ਯੁੱਗ ਤੋਂ ਪੈਦਾ ਹੋਈ ਨਵੀਂ ਮਾਨਸਿਕਤਾ ਤੇ ਪਰੰਪਰਾਵਾਦੀ, ਰੂੜ੍ਹੀਵਾਦੀ ਮਾਨਸਿਕਤਾ ਦੇ ਤਨਾਓ ਦਾ ਕਹਾਣੀਕਾਰ ਹੈ।

(1) ੳ ਅਤੇ ਅ
(2) ੳ ਅਤੇ ੲ
(3) ੳ ਅਤੇ ਸ
(4) ੳ, ਅ, ੲ ਅਤੇ ਸ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

106. 'ਹਸਤਾਖਰ', 'ਪੈੜ ਚਾਲ', 'ਲੰਘ ਗਏ ਦਰਿਆ' ਆਦਿ ਨਾਵਲ ਕਿਸ ਦੁਆਰਾ ਲਿਖੇ ਗਏ ਹਨ?

(1) ਕਰਮਜੀਤ ਕੁੱਸਾ
(2) ਦਲੀਪ ਕੌਰ ਟਿਵਾਣਾ
(3) ਸੁਰਿੰਦਰ ਸਿੰਘ ਨਰੂਲਾ
(4) ਰਾਮ ਸਰੂਪ ਅਣਖੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

107. ਸ਼ਬਦ ਵਿਚਲੀ ਕਿਸੇ ਧੁਨੀ ਤੇ ਆਏ ਦਬਾਅ ਨੂੰ ਅੰਕਿਤ ਕੀਤਾ ਜਾਂਦਾ ਹੈ-

(1) ਉਸ ਧੁਨੀ ਨੂੰ ਅੰਕਿਤ ਕਰਨ ਵਾਲੇ ਅੱਖਰ ਤੋਂ ਪਹਿਲੇ ਅੱਖਰ ਤੇ ਅਧਕ ਦਾ ਚਿੰਨ੍ਹ ਲਾਇਆ ਜਾਂਦਾ ਹੈ।

(2) ਉਸ ਧੁਨੀ ਨੂੰ ਅੰਕਿਤ ਕਰਨ ਵਾਲੇ ਅੱਖਰ ਤੇ ਅਧਕ ਦਾ ਚਿੰਨ੍ਹ ਲਾਇਆ ਜਾਂਦਾ ਹੈ।

(3) ਉਸ ਧੁਨੀ ਨੂੰ ਅੰਕਿਤ ਕਰਨ ਵਾਲੇ ਅੱਖਰ ਤੋਂ ਪਹਿਲੇ ਅੱਖਰ ਨੂੰ ਸੰਯੁਕਤ ਅੱਖਰ ਬਣਾ ਦਿੱਤਾ ਜਾਂਦਾ ਹੈ।

(4) ਉਸ ਧੁਨੀ ਨੂੰ ਅੰਕਿਤ ਕਰਨ ਵਾਲੇ ਅੱਖਰ ਤੋਂ ਪਹਿਲੇ ਅੱਖਰ ਤੇ ਟਿੱਪੀ ਦਾ ਚਿੰਨ੍ਹ ਲਾਇਆ ਜਾਂਦਾ ਹੈ।

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

108. ਰੂਪ ਦੇ ਪੱਖ ਤੋਂ ਸ਼ਰੇਣੀ ਦੇ ਸ਼ਬਦ ............ ਹੁੰਦੇ ਹਨ।

(1) ਅਵਿਕਾਰੀ
(2) ਵਿਕਾਰੀ
(3) ਉਪਰੋਕਤ ਦੋਵੇਂ
(4) ਇਨ੍ਹਾਂ ਵਿਚੋਂ ਕੋਈ ਵੀ ਨਹੀਂ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

109. ਦੁੱਲਾ ਭੱਟੀ ਦਾ ਇਲਾਕਾ ਸੀ:

(1) ਕਿੜਾਣਾ ਬਾਰ
(2) ਗੰਜੀ ਬਾਰ
(3) ਸਾਂਦਲ ਬਾਰ
(4) ਨੀਲੀ ਬਾਰ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

110. ਸੁਜਾਨ ਸਿੰਘ ਦਾ ਕਹਾਣੀ ਸੰਗ੍ਰਹਿ ਨਹੀਂ ਹੈ-

(1) ਮਨੁੱਖ ਤੇ ਪਸ਼ੂ
(2) ਨਰਕਾਂ ਦੇ ਦੇਵਤੇ
(3) ਸਵਾਲ ਜਵਾਬ
(4) ਤੀਜਾ ਪਹਿਰ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

111. ਸਾਹ ਦੀ ਹਵਾ ਨੂੰ ਦੋ ਉਚਾਰਨ ਅੰਗ ਰੋਕਦੇ ਹਨ, ਉਹਨਾਂ ਵਿਚੋਂ ਇੱਕ ਹੈ ਚੁਸਤ ਤੇ ਦੂਜਾ ਸੁਸਤ। ਸੁਸਤ ਅੰਗ ਹਨ-

(1) ਉਪਰਲਾ ਜਬਾੜ੍ਹਾ ਤੇ ਉਪਰਲਾ ਬੁੱਲ੍ਹ
(2) ਜੀਭ ਤੇ ਹੇਠਲਾ ਬੁੱਲ੍ਹ
(3) ਜੀਭ ਤੇ ਉਪਰਲਾ ਜਬਾੜ੍ਹਾ
(4) ਹੇਠਲਾ ਬੁੱਲ੍ਹ ਅਤੇ ਉਪਰਲਾ ਜਬਾੜ੍ਹਾ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

112. 'ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ, ................' ਸਤਰ ਪੂਰੀ ਕਰੋ-

(1) ਸਿੱਕਾ ਆਪਣੇ ਨਾਮ ਦਾ ਚਲਾਇ ਗਿਆ
(2) ਅੱਛਾ ਰੱਜ ਕੇ ਰਾਜ ਕਮਾਇ ਗਿਆ
(3) ਨਾਲ ਜ਼ੋਰ ਦੇ ਮੁਲਕ ਹਿਲਾਇ ਗਿਆ
(4) ਜੰਮੂ ਕਾਂਗੜਾ ਕੋਟ ਨਿਵਾਇ ਗਿਆ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

113. ਭਾਈ ਗੁਰਦਾਸ ਜੀ ਦੀ ਵਾਰ ਦੀ ਪਉੜੀ ਅਨੁਸਾਰ ਧਰਤੀ ਕਿਸ ਦਾ ਭਾਰ ਮਹਿਸੂਸ ਕਰਦੀ ਹੈ-

(1) ਪਰਬਤਾਂ ਦਾ
(2) ਵੱਡੇ ਕਿਲ੍ਹਿਆਂ ਦਾ
(3) ਸਮੁੰਦਰਾਂ ਦਾ
(4) ਅਕ੍ਰਿਤਘਣਾ ਦਾ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

114. ਡਾ. ਹਰਿਭਜਨ ਸਿੰਘ ਦਾ ਉਹ ਕਾਵਿ-ਸੰਗ੍ਰਹਿ, ਜਿਸ ਵਿਚ ਰੁਮਾਂਸਵਾਦੀ-ਪ੍ਰਗਤੀਸ਼ੀਲ ਧਾਰਾ ਦਾ ਅਸਰ ਪ੍ਰਤੱਖ ਨਜ਼ਰ ਆਉਂਦਾ ਹੈ:

(1) ਟੁੱਕੀਆਂ ਜੀਭਾਂ ਵਾਲਾ
(2) ਅਧਰੈਣੀ
(3) ਸੜਕ ਦੇ ਸਫ਼ੇ
(4) ਰੋਮ ਤੋਂ ਹਰਿਮੰਦਰ ਸਾਹਿਬ ਤਕ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

115. ਬੁੱਲ੍ਹੇ ਸ਼ਾਹ ਆਪਣੀ ਕਵਿਤਾ ਵਿਚ ਵਧੇਰੇ ਜ਼ੋਰ ਦਿੰਦਾ ਹੈ-

(1) ਮੁਰਸ਼ਦ ਦੀ ਟੇਕ 'ਤੇ
(2) ਰੋਜ਼ੇ ਰੱਖਣ 'ਤੇ
(3) ਹੱਜ ਯਾਤਰਾ 'ਤੇ
(4) ਘੋਰ ਤਪੱਸਿਆ 'ਤੇ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

116. 'ਮਾਤਾ ਜੀ ਮੰਜੇ ਉੱਤੇ ਬੈਠੇ ਹਨ।' ਵਾਕ ਵਿਚ ਮੂਲ ਕਿਰਿਆ ਹੈ-

(1) ਮੰਜੇ ਉੱਤੇ
(2) ਬੈਠੇ
(3) ਬੈਠੇ ਹਨ
(4) ਮੰਜੇ ਉੱਤੇ ਬੈਠੇ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

117. ਪੰਜਾਬੀ ਸਭਿਆਚਾਰ ਦੀ ਬੁਨਿਆਦੀ ਕਦਰ, ਜਿਹੜੀ ਇਸ ਨੂੰ ਦੂਜੇ ਸਭਿਆਚਾਰਾਂ ਤੋਂ ਨਿਖੇੜਦੀ ਹੈ:

(1) ਬਹਾਦਰੀ
(2) ਪ੍ਰਾਹੁਣਾਚਾਰੀ
(3) ਧਾਰਮਿਕਤਾ
(4) ਉਪਰੋਕਤ ਸਾਰੇ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

118. ਛੇਕ, ਵ੍ਰਿਤਿ, ਸ਼ਰੁਤੀ, ਲਾਟ, ਅੰਤਯ ਆਦਿ ਕਿਹੜੇ ਅਲੰਕਾਰ ਦੇ ਪ੍ਰਕਾਰ ਹਨ?

(1) ਉਪਮਾ
(2) ਅਤਿਕਥਨੀ
(3) ਦ੍ਰਿਸ਼ਟਾਂਤ
(4) ਅਨੁਪ੍ਰਾਸ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

119. ਜਸਬੀਰ ਸਿੰਘ ਆਹਲੂਵਾਲੀਆ ਪ੍ਰਮੁਖ ਰੂਪ ਵਿਚ ਕਿਹੜੀ ਕਾਵਿ-ਪ੍ਰਵਿਰਤੀ ਦਾ ਕਵੀ ਹੈ?

(1) ਅਧਿਆਤਮਵਾਦੀ
(2) ਜੁਝਾਰਵਾਦੀ
(3) ਪ੍ਰਗਤੀਵਾਦੀ
(4) ਪ੍ਰਯੋਗਸ਼ੀਲ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

120. ਪੰਜਾਬੀ ਦੀ ਭਾਸ਼ਾਈ ਵਿਸ਼ੇਸ਼ਤਾ ਸੰਬੰਧੀ ਸਹੀ ਵਾਕ ਹੈ:

(1) ਪੰਜਾਬੀ ਭਾਸ਼ਾ ਵਿਚ ਸੁਰਾਤਮਕ ਪ੍ਰਵਿਰਤੀ ਹੈ।
(2) ਅਜੋਕੀ ਪੰਜਾਬੀ ਵਿਜੋਗਾਤਮਕ ਭਾਸ਼ਾ ਨਹੀਂ ਹੈ।
(3) ਪੰਜਾਬੀ ਵਿਚ ਤਿੰਨ ਲਿੰਗ ਮੌਜੂਦ ਹਨ।
(4) ਪੰਜਾਬੀ ਵਿਚ ਇਸਤਰੀ ਲਿੰਗ ਸ਼ਬਦ ਪੁਲਿੰਗ ਨਾਲੋਂ ਵਧੇਰੇ ਹਨ।
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

121. 'ਕਰੁਣਾ ਰਸ' ਦਾ ਸਥਾਈ ਭਾਵ ਹੈ-

(1) ਕ੍ਰੋਧ
(2) ਸ਼ੋਕ
(3) ਤਰਸ
(4) ਹਮਦਰਦੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

122. ਇਨ੍ਹਾਂ ਵਿਚੋਂ ਕਿਹੜਾ ਕੰਬਵਾਂ (ਟਰਿਲ) ਵਿਅੰਜਨ ਹੈ?

(1) ਟ
(2) ਪ
(3) ਦ
(4) ਰ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

123. ਕਿਹੜੇ ਸੂਫੀ ਕਵੀ ਨੇ ਇਸ਼ਕ ਨੂੰ "ਅੱਲਾਹ ਦੀ ਜ਼ਾਤ ਤੇ ਲੋਕਾਂ ਦਾ ਮਿਹਣਾ" ਦੱਸਿਆ ਹੈ?

(1) ਮੀਆਂ ਵਜੀਦ ਨੇ
(2) ਸ਼ੇਖ ਫਰੀਦ ਨੇ
(3) ਬੁੱਲ੍ਹੇ ਸ਼ਾਹ ਨੇ
(4) ਸੁਲਤਾਨ ਬਾਹੂ ਨੇ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

124. ਸਤਿੰਦਰ ਸਿੰਘ ਅਨੁਸਾਰ ਪੰਜਾਬ ਵਿਚ ਚੱਲੀਆਂ ਸਿੰਘ ਸਭਾ ਅਤੇ ਹੋਰ ਲਹਿਰਾਂ ਦੇ ਪ੍ਰਭਾਵ ਹੇਠ ਲੇਖ ਲਿਖਣ ਵਾਲਾ ਵਾਰਤਕਕਾਰ ਹੈ-

(1) ਗਿਆਨੀ ਗੁਰਦਿੱਤ ਸਿੰਘ
(2) ਸ਼ਰਧਾ ਰਾਮ ਫਿਲੌਰੀ
(3) ਪ੍ਰਿੰ. ਤੇਜਾ ਸਿੰਘ
(4) ਪ੍ਰੋ. ਸਾਹਿਬ ਸਿੰਘ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

125. ਛੰਦ ਹੁੰਦਾ ਹੈ-

(1) ਤੁਕਾਂਤ ਦਾ ਸਹੀ ਮੇਲ
(2) ਸ਼ਬਦਾਂ ਦਾ ਮੇਲ
(3) ਵਾਕਾਂ ਦਾ ਮੇਲ
(4) ਪ੍ਰਤੀਕਾਂ ਦਾ ਮੇਲ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

126. ਹਿੰਦੁਸਤਾਨੀ ਵਪਾਰੀ ਕਿਹੜੀ ਲਿਪੀ ਦੇ ਸੋਲਾਂ ਕੁ ਅੱਖਰ ਹਿੰਦੁਸਤਾਨ ਵਿਚ ਲੈ ਕੇ ਆਏ, ਜਿਨ੍ਹਾਂ ਤੋਂ ਅੱਗੇ ਗੁਰਮੁਖੀ ਸਮੇਤ ਬਾਕੀ ਹਿੰਦੁਸਤਾਨੀ ਲਿਪੀਆਂ ਦਾ ਨਿਰਮਾਣ ਹੋਇਆ?

(1) ਚੀਨੀ ਲਿਪੀ
(2) ਅਰਮਾਈ ਲਿਪੀ
(3) ਸਾਮੀ ਲਿਪੀ
(4) ਫਿਨੀਸ਼ੀਅਨ ਲਿਪੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

127. "ਬਲ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ॥ ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ॥" ਸਤਰਾਂ ਵਿਚ ਹਰਿ ਅਤੇ ਗਜ ਹਨ-

(1) ਪੌਰਾਣਿਕ ਹਵਾਲੇ
(2) ਇਤਿਹਾਸਿਕ ਹਵਾਲੇ
(3) ਸਾਮੀ ਗ੍ਰੰਥਾਂ ਦੇ ਹਵਾਲੇ
(4) ਵੇਦਾਂ ਦੇ ਹਵਾਲੇ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

128. ਵਾਕ ਵਿਉਂਤ ਤੋਂ ਭਾਵ ਹੈ-

(1) ਵਾਕ ਵਿਚ ਅਰਥਾਂ ਦੀ ਵਿਉਂਤ
(2) ਵਾਕ ਵਿਚ ਵਿਸ਼ੇਸ਼ਣਾਂ ਦੀ ਵਿਉਂਤ
(3) ਵਾਕ ਵਿਚ ਕਿਰਿਆ ਦੀ ਵਿਉਂਤ
(4) ਵਾਕ ਵਿਚ ਸ਼ਬਦਾਂ ਦੀ ਵਿਉਂਤ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

129. ਡਾ. ਸੁਨੀਤੀ ਕੁਮਾਰ ਚੈਟਰਜੀ ਅਨੁਸਾਰ ਪੂਰਬੀ ਪੰਜਾਬੀ ਅਤੇ ਲਹਿੰਦੀ ਪੰਜਾਬੀ ਦਾ ਜਨਮ ਸ੍ਰੋਤ ਹੈ-

(1) ਕੈਕੇਈ ਪ੍ਰਕਿਰਤ
(2) ਮਦ੍ਰ ਪ੍ਰਕਿਰਤ
(3) ਟੱਕ ਭਾਸ਼ਾ
(4) 1, 2, 3 ਸਾਰੇ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

130. ਆਧੁਨਿਕ ਭਾਰਤੀ ਆਰੀਆਂ ਭਾਸ਼ਾਵਾਂ ਦੇ ਵਰਗੀਕਰਨ ਸਬੰਧੀ 'ਦੋ ਟੋਲੀਆਂ ਦਾ ਸਿਧਾਂਤ' ਪੇਸ਼ ਕੀਤਾ-

(1) ਡਾ. ਹਾਰਨਲੇ ਨੇ
(2) ਡਾ. ਗ੍ਰੀਅਰਸਨ ਨੇ
(3) ਡਾ. ਚੈਟਰਜੀ ਨੇ
(4) ਪੀ. ਮਸੀਕਾ ਨੇ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

131. 'ਵਾਕਾਂ ਦੀ ਵਿਆਖਿਆ' ਗਦ ਸਿੱਖਿਆ ਦੀ ਪ੍ਰਕਿਰਿਆ ਦੇ ਕਿਹੜੇ ਪੜਾਅ ਅਧੀਨ ਆਉਂਦੀ ਹੈ-

(1) ਪੂਰਵ ਗਿਆਨ
(2) ਵਿਆਖਿਆ ਤੇ ਵਿਚਾਰ ਵਿਸ਼ਲੇਸ਼ਣ
(3) ਉਦੇਸ਼ ਕਥਨ
(4) ਪ੍ਰਸਤਾਵਨਾ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

132. ਪੰਜਾਬੀ ਪਾਠ ਪੁਸਤਕ ਦੀ ਚੋਣ ਦੇ ਆਧਾਰ ਹਨ-

ੳ. ਪਾਠ-ਪੁਸਤਕ ਦਾ ਲੇਖਕ
ਅ. ਪਾਠ-ਵਸਤੂ ਦੀ ਗੰਭੀਰਤਾ ਅਤੇ ਵਿਆਪਕਤਾ
ੲ. ਭਾਸ਼ਾ ਦੀ ਸ਼ੁੱਧਤਾ
ਸ. ਪਾਠ ਵਸਤੂ ਦਾ ਪ੍ਰਸਤੁਤੀਕਰਨ

(1) ੳ
(2) ੳ ਅਤੇ ਸ
(3) ੳ, ੲ ਅਤੇ ਸ
(4) ੳ, ਅ, ੲ ਅਤੇ ਸ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

133. ਧੁਨੀ ਸੁੰਦਰਤਾ, ਵਿਚਾਰ ਸੁੰਦਰਤਾ, ਸ਼ੈਲੀ ਸੁੰਦਰਤਾ, ਕਵਿਤਾ ਅਧਿਆਪਨ ਦੇ ਕਿਸ ਪੜਾਅ ਅਧੀਨ ਆਉਂਦੇ ਹਨ-

(1) ਸੁੰਦਰਤਾ ਬੋਧ
(2) ਕਲਪਨਾ ਸੁੰਦਰਤਾ
(3) ਰਚਨਾਤਮਿਕ ਕਾਰਜ
(4) ਕਵਿਤਾ ਦਾ ਵਾਚਨ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

134. ਨਾਟਕ-ਸਿਖਿਆ ਨੂੰ ਵਿਦਿਆਰਥੀਆਂ ਵਿਚ ਹਰਮਨ ਪਿਆਰਾ ਬਣਾਉਣ ਲਈ ਨਾਟਕ ਦੀ ਚੋਣ ਕਰਦੇ ਸਮੇਂ ਕਿਹੜੇ ਨੁਕਤੇ ਦਾ ਧਿਆਨ ਰੱਖਣਾ ਬਹੁਤ ਜ਼ਰੂਰੀ ਹੁੰਦਾ ਹੈ:

(1) ਨਾਟਕ ਵਿਦਿਆਰਥੀਆਂ ਦੇ ਪੱਧਰ ਤੋਂ ਉਚੇਰਾ ਹੋਵੇ।
(2) ਕਹਾਣੀ ਗੁੰਝਲਦਾਰ ਹੋਵੇ।
(3) ਕਥਾਨਕ ਅਜਿਹਾ ਹੋਵੇ, ਜਿਸ ਨਾਲ ਪਾਤਰਾਂ ਦੇ ਚਰਿੱਤਰ ਦਾ ਵਿਕਾਸ ਹੋਵੇ।
(4) ਨਾਟਕ ਵਿਚ ਪਾਤਰ ਬਹੁਤ ਹੋਣ।
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

135. ਵਿਦਿਆਰਥੀ ਨੂੰ 'ਲਿਖਣ-ਕੌਸ਼ਲ' ਦੀ ਸਿਖਿਆ ਦੇਣ ਦੇ ਅੰਤਰਗਤ ਮਾਂਟੇਸਰੀ ਵਿਧੀ ਦਾ ਭਾਵ ਹੈ:

(1) ਅੱਖਰ ਨੂੰ ਭਿੰਨ-ਭਿੰਨ ਟੁਕੜਿਆਂ ਵਿਚ ਤੋੜ ਕੇ ਜੋੜਨਾ।

(2) ਵਿਦਿਆਰਥੀ ਨੂੰ ਲਕੜੀ ਜਾਂ ਗੱਤੇ ਦੇ ਬਣੇ ਅੱਖਰਾਂ ਉਤੇ ਉਂਗਲੀ ਫਿਰਾਉਣਾ।

(3) ਇਕ ਸ਼ਬਦ ਲਿਖ ਕੇ ਉਸ ਨੂੰ ਅੱਗੇ-ਪਿੱਛੇ ਕਰਕੇ ਨਵਾਂ ਸ਼ਬਦ ਬਣਾਉਣਾ।

(4) ਕੇਵਲ ਬੋਲ-ਬੋਲ ਕੇ ਸਿਖਾਉਣਾ।

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

136. "ਸਮੂਹਿਕ ਵਿਚਾਰ ਵਟਾਂਦਰਾ, ਵਾਦ-ਵਿਵਾਦ ਨਾਲੋਂ ਕਿਤੇ ਚੰਗਾ ਹੈ। ਕਿਉਂਕਿ ਇਸ ਵਿਚ ਝੂਠ ਨਹੀਂ ਹੁੰਦਾ।" ਟਿੱਪਣੀ ਹੈ-

(1) ਮਾਂਟੇਸਰੀ ਦੀ
(2) ਵੈਸਟ ਦੀ
(3) ਰਾਇਬਰਨ ਦੀ
(4) ਹਰਬਰਟ ਦੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

137. ਕਹਾਣੀ ਅਧਿਆਪਨ ਦੀ ਮਹੱਤਤਾ ਹੈ-

ੳ. ਗਿਆਨ ਵਧਾਉਣ ਦਾ ਸਾਧਨ
ਅ. ਨੈਤਿਕ ਵਿਕਾਸ ਦਾ ਸਾਧਨ
ੲ. ਮਨੋਰੰਜਨ ਦਾ ਸਾਧਨ
ਸ. ਨੀਰਸਤਾ ਦੂਰ ਕਰਨ ਦਾ ਸਾਧਨ

(1) ੳ ਅਤੇ ਅ
(2) ੳ ਅਤੇ ੲ
(3) ੳ, ਅ ਅਤੇ ਸ
(4) ੳ, ਅ, ੲ ਅਤੇ ਸ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

138. ਨਾਵਲ ਅਧਿਆਪਨ ਸੰਬੰਧੀ ਕ੍ਰਮ ਸਹੀ ਹੈ-

(1) ਪ੍ਰਸਤਾਵਨਾ, ਪ੍ਰਸਤੁਤੀਕਰਨ, ਪ੍ਰਤੀਕ੍ਰਿਆ, ਸਮੀਖਿਆ, ਸਵੈ ਅਧਿਐਨ, ਮੁਲਾਂਕਣ

(2) ਪ੍ਰਸਤਾਵਨਾ, ਪ੍ਰਸਤੁਤੀਕਰਨ, ਸਵੈ ਅਧਿਐਨ, ਪ੍ਰਤੀਕ੍ਰਿਆ, ਸਮੀਖਿਆ, ਮੁਲਾਂਕਣ

(3) ਪ੍ਰਸਤਾਵਨਾ, ਸਵੈ ਅਧਿਐਨ, ਪ੍ਰਤੀਕ੍ਰਿਆ, ਪ੍ਰਸਤੁਤੀਕਰਨ, ਸਮੀਖਿਆ, ਮੁਲਾਂਕਣ

(4) ਸਵੈ ਅਧਿਐਨ, ਪ੍ਰਸਤਾਵਨਾ, ਪ੍ਰਸਤੁਤੀਕਰਨ, ਪ੍ਰਤੀਕ੍ਰਿਆ, ਸਮੀਖਿਆ, ਮੁਲਾਂਕਣ

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

139. ਗੱਦ ਸਿੱਖਿਆ ਅਧੀਨ ਆਦਰਸ਼ ਵਾਚਨ ਅਧੀਨ ਨਹੀਂ ਆਉਂਦਾ-

(1) ਪਾਠ ਸਮੱਗਰੀ ਦੇ ਭਾਵਾਂ ਅਨੁਸਾਰ ਚਿਹਰੇ ਦੀ ਸ਼ਕਲ ਬਣਾਈ ਜਾਵੇ ਤੇ ਕਿਰਿਆਵਾਂ ਕੀਤੀਆਂ ਜਾਣ।

(2) ਮੁਹਾਵਰਿਆਂ ਤੇ ਵਾਕੰਸ਼ਾਂ ਆਦਿ ਦੀ ਵਿਆਖਿਆ।

(3) ਅਧਿਆਪਕ ਨੂੰ ਆਪਣੇ ਖੜ੍ਹੇ ਹੋਣ ਦੇ ਢੰਗ ਤੇ ਪੁਸਤਕ ਪੜ੍ਹਨ ਦੇ ਢੰਗ ਦਾ ਖਿਆਲ ਰੱਖਣਾ ਚਾਹੀਦਾ ਹੈ।

(4) ਵਾਚਨ ਸਮੇਂ ਵਿਸ਼ਰਾਮ ਚਿੰਨ੍ਹਾਂ ਦਾ ਧਿਆਨ ਰੱਖਿਆ ਜਾਵੇ ਤੇ ਭਾਵ ਅਨੁਸਾਰ ਆਵਾਜ਼ ਦਾ ਉਤਰਾਅ ਚੜ੍ਹਾਅ ਹੋਣਾ ਚਾਹੀਦਾ ਹੈ।

(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

140. ਪੜ੍ਹਣ-ਕੌਸ਼ਲ ਦੇ ਅੰਤਰਗਤ ਪਹਿਲਾਂ ਸਵਰ, ਵਿਅੰਜਨ ਅਤੇ ਪਿੱਛੋਂ ਸ਼ਬਦ ਤੇ ਵਾਕ ਸਿਖਾਏ ਜਾਣ, ਇਸ ਵਿਧੀ ਨੂੰ ਆਖਿਆ ਜਾਂਦਾ ਹੈ:

(1) ਅਨੁਕਰਨਿਕ ਵਿਧੀ
(2) ਸੰਜੁਕਤ ਵਿਧੀ
(3) ਵਿਸ਼ੇਲੇਸ਼ਣਾਤਮਿਕ ਵਿਧੀ
(4) ਸੰਸ਼ਲੇਸ਼ਣਾਤਮਿਕ ਵਿਧੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

141. ਸਿੱਖਿਆ ਦੇ ਵਿਚ ਪ੍ਰਯੋਗਸ਼ਾਲਾ ਦਾ ਸਥਾਨ ਹੈ-

(1) ਸਹਾਇਕ ਸਾਧਨ ਵਜੋਂ
(2) ਮੁੱਖ ਸਾਧਨ ਵਜੋਂ
(3) ਆਰਜੀ ਸਾਧਨ ਵਜੋਂ
(4) ਅਧਿਆਪਕ ਦੇ ਬਦਲ ਵਜੋਂ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

142. ਵਿਆਕਰਨ-ਸਿਖਿਆ ਦੀ ਉਹ ਪ੍ਰਣਾਲੀ, ਜਿਸ ਵਿਚ ਪਹਿਲਾਂ ਨੇਮ ਸਮਝਾ ਦਿੱਤੇ ਜਾਂਦੇ ਹਨ, ਫਿਰ ਉਦਾਹਰਣਾਂ ਨਾਲ ਸੰਬੰਧਤ ਨੇਮ ਦਾ ਪ੍ਰਯੋਗ ਕਰਕੇ ਦਿਖਾਇਆ ਜਾਂਦਾ ਹੈ ਅਤੇ ਨੇਮ ਤੋਂ ਉਦਾਹਰਨ ਵੱਲ ਚੱਲਣ ਵਾਲੇ ਸਿਖਿਆ-ਸੂਤਰ ਵਰਤੋਂ ਵਿਚ ਲਿਆਏ ਜਾਂਦੇ ਹਨ:

(1) ਆਗਮਨ ਪ੍ਰਣਾਲੀ
(2) ਨਿਗਮਨ ਪ੍ਰਣਾਲੀ
(3) ਪ੍ਰਯੋਗ ਪ੍ਰਣਾਲੀ
(4) ਵਸਤੂ-ਵਿਆਕਰਨ ਪ੍ਰਣਾਲੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

143. ਪੰਜਾਬੀ ਅਧਿਆਪਕ ਦੇ ਸਾਧਾਰਨ ਗੁਣ ਹਨ-

(1) ਸਖ਼ਸ਼ੀਅਤ ਅਤੇ ਲੋੜੀਂਦੀ ਸਿੱਖਿਆ ਦੇ ਉਪਾਧੀਆਂ
(2) ਸਿਖਲਾਈ ਅਤੇ ਪੰਜਾਬੀ ਭਾਸ਼ਾ ਉੱਤੇ ਅਧਿਕਾਰ
(3) ਬਾਲ ਮਨੋਵਿਗਿਆਨ ਦਾ ਗਿਆਨ ਅਤੇ ਪੰਜਾਬੀ ਸਾਹਿਤ ਦਾ ਗਿਆਨ
(4) ਸਹਿਪਾਠੀ ਕਿਰਿਆਵਾਂ ਦੀ ਯੋਗਤਾ ਅਤੇ ਵਿਵਸਾਇਕ ਨਿਸ਼ਠਾ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

144. ਭਾਸ਼ਾ ਪ੍ਰਯੋਗਸ਼ਾਲਾ ਦਾ ਪ੍ਰਮੁੱਖ ਉਦੇਸ਼ ਹੁੰਦਾ ਹੈ:

(1) ਸਕੂਲ ਦੇ ਸਾਜੋ-ਸਮਾਨ ਵਿਚ ਵਾਧਾ ਕਰਨਾ।
(2) ਬੱਚਿਆਂ ਦੇ ਉਚਾਰਨ ਵਿਚ ਸੁਧਾਰ ਕਰਨਾ।
(3) ਬੱਚਿਆਂ ਨੂੰ ਸਾਹਿਤ ਨਾਲ ਜੋੜਨਾ।
(4) ਬੱਚਿਆਂ ਨੂੰ ਭਾਸ਼ਾ ਦੇ ਅਧਿਆਪਕ ਬਣਾਉਣਾ।
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

145. ਪੰਜਾਬੀ ਭਾਸ਼ਾ ਨੂੰ ਸਿਖਾਉਣ ਦਾ ਸੁਭਾਵਿਕ ਕ੍ਰਮ ਹੈ:

(1) ਬੋਲਣਾ, ਸਮਝਣਾ, ਪੜ੍ਹਨਾ, ਲਿਖਣਾ।
(2) ਸਮਝਣਾ, ਬੋਲਣਾ, ਲਿਖਣਾ, ਪੜ੍ਹਨਾ।
(3) ਬੋਲਣਾ, ਪੜ੍ਹਨਾ, ਸਮਝਣਾ, ਲਿਖਣਾ।
(4) ਸਮਝਣਾ, ਬੋਲਣਾ, ਪੜ੍ਹਨਾ, ਲਿਖਣਾ।
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

146. ਆਦਰਸ਼ ਵਾਚਨ ਅਤੇ ਅਨੁਕਰਨ ਵਾਚਨ ਨਾਟਕ ਅਧਿਆਪਨ ਦੇ ਕਿਸ ਪੜਾਅ ਅਧੀਨ ਆਉਂਦੇ ਹਨ-

(1) ਪ੍ਰਸਤਾਵਨਾ
(2) ਵਿਸ਼ਾਪ੍ਰਵੇਸ਼
(3) ਪ੍ਰਸਤੁਤੀਕਰਨ
(4) ਉਦੇਸ਼ ਕਥਨ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

147. ਮਹਾਂਪੁਰਖਾਂ ਦੇ ਜੀਵਨ ਦਾ ਗਿਆਨ ਦੇਣਾ, ਜੀਵਨ ਦੇ ਆਦਰਾਂ ਦਾ ਗਿਆਨ ਦੇਣਾ, ਚਰਿੱਤਰ ਨਿਰਮਾਣ ਕਰਨਾ, ਵਿਦਿਆਰਥੀਆਂ ਨੂੰ ਪ੍ਰੇਰਿਤ ਕਰਨਾ ਆਦਿ ਵਾਰਤਕ ਦੀ ਕਿਹੜੀ ਵਿਧਾ ਦੀ ਸਿੱਖਿਆ ਦੇ ਵਿਸ਼ੇਸ਼ ਉਦੇਸ਼ ਹਨ?

(1) ਨਾਵਲ ਦੇ
(2) ਸਫ਼ਰਨਾਮੇ ਦੇ
(3) ਕਵਿਤਾ ਦੇ
(4) ਜੀਵਨੀ ਦੇ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

148. ਭਾਸ਼ਾ ਅਧਿਆਪਨ ਦੀਆਂ ਵਿਧੀਆਂ ਦਾ ਪੂਰਨ ਜੁੱਟ ਹੈ-

(1) ਪ੍ਰਤੱਖ ਵਿਧੀ, ਅਪ੍ਰਤੱਖ ਵਿਧੀ
(2) ਪ੍ਰਤੱਖ ਵਿਧੀ, ਅਪ੍ਰਤੱਖ ਵਿਧੀ, ਸੰਰਚਨਾਤਮਕ ਵਿਧੀ
(3) ਪ੍ਰਤੱਖ ਵਿਧੀ, ਸੰਰਚਨਾਤਮਕ ਵਿਧੀ, ਨਵੀਨ ਵਿਧੀ
(4) ਪ੍ਰਤੱਖ ਵਿਧੀ, ਅਪ੍ਰਤੱਖ ਵਿਧੀ, ਸੰਰਚਨਾਤਮਕ ਵਿਧੀ, ਨਵੀਨ ਵਿਧੀ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

149. ਕਥਨ-I: ਸ਼੍ਰੇਣੀ ਦੀਆਂ ਪਾਠ-ਪੁਸਤਕਾਂ ਵਿਚ ਕੇਵਲ ਚੁਣੀ ਹੋਈ ਸਮੱਗਰੀ ਹੀ ਸ਼ਾਮਿਲ ਕੀਤੀ ਗਈ ਹੁੰਦੀ ਹੈ।
ਕਥਨ-II: ਉਸ ਸਮੱਗਰੀ ਬਾਰੇ ਵਿਸਥਾਰਪੂਰਵਕ ਅਤੇ ਹੋਰ ਗਿਆਨ ਪ੍ਰਾਪਤ ਕਰਨ ਲਈ ਪੁਸਤਕਾਲਾ ਇਕ ਵਧੀਆ ਸਾਧਨ ਹੈ।

(1) ਕਥਨ-I ਸਹੀ ਅਤੇ ਕਥਨ-II ਗ਼ਲਤ ਹੈ।
(2) ਕਥਨ-II ਸਹੀ ਅਤੇ ਕਥਨ-I ਗ਼ਲਤ ਹੈ।
(3) ਦੋਵੇਂ ਕਥਨ ਗ਼ਲਤ ਹਨ।
(4) ਦੋਵੇਂ ਕਥਨ ਸਹੀ ਹਨ।
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

150. ਸਿਖਿਆ ਦੇ ਕਿਹੜੇ ਪੱਧਰ 'ਤੇ ਕਵੀ ਦੇ ਵਿਚਾਰ, ਅਨੁਭਵ ਤੇ ਕਲਪਨਾ ਨੂੰ ਸਮਝਣ ਦਾ ਯਤਨ ਕੀਤਾ ਜਾਂਦਾ ਹੈ?

(1) ਪ੍ਰਾਇਮਰੀ ਪੱਧਰ 'ਤੇ
(2) ਮਿਡਲ ਪੱਧਰ 'ਤੇ
(3) ਉੱਚ-ਸ਼੍ਰੇਣੀਆਂ ਦੀ ਪੱਧਰ 'ਤੇ
(4) ਇਨ੍ਹਾਂ ਵਿਚੋਂ ਕੋਈ ਨਹੀਂ
(5) ਸਵਾਲ ਦਾ ਜਵਾਬ ਨਹੀਂ ਦਿੱਤਾ ਗਿਆ

-----------------------------------

रफ कार्य के लिए जगह

8003213